ISSN 0972-2335

# ਅੰਮ੍ਰਿਤ ਕੀਰਤਨ

## ਮਾਰਚ 2020



*(For A write-up on the above painting, see Page )*

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਹਾੜ

ਹਾੜ ਹਿਜਰ ਦੀ ਗਰਮੀ ਡਾਢੀ ਸਾੜੇ ਸੀਨਾ ਸੀਨਾ ਏ।
ਬਾਝ ਤੇਰੇ ਇਹ ਵੰਗਾਂ ਨ ਸੋਭਣ ਕਰਸਾਂ ਚੀਨਾ-ਚੀਨਾ ਏ।
ਆਬ ਬਿਨਾ ਜਿਉਂ ਰਹੇ ਨ ਮਛਲੀ ਏਦਾਂ ਮੇਰਾ ਜੀਣਾ ਏ।
ਜੇ ਜਾਣਨ ਇਹ ਮੌਤ ਨਿਸ਼ਾਨੀ ਕਿਉਂ ਜ਼ਹਿਰ ਪਿਆਲਾ ਪੀਣਾ ਏ।
ਬੈਠੀ ਰੋਵਾਂ ਵਿੱਚ ਉਡੀਕਾਂ ਬਿਨ ਤੇਰੇ ਕਿਆ ਜੀਣਾ ਏ।
ਤਾਂਘ ਤੇਰੀ ਵਿੱਚ ਬਿਹਬਲ ਹੋਈਆਂ ਤੜਫ ਰਹਿਆ ਮੇਰਾ ਸੀਨਾ ਏ।
'ਸੰਤੋਖ ਸਿੰਘਾ' ਬਿਨ ਮਾਹੀ ਪਿਆਰੇ ਭਾਵੇ ਨ ਇਹ ਜੀਣਾ ਏ।

## हाड़

हाड़ हिजर दी गर्मी डाढी साड़े सीना सीना ए।
बाझ तेरे एह वंगा न सोभण करसां चीना चीना ए।
आब बिना ज्यों रहे न मछली एदां मेरा जीणा ए।
जे जाणन एह मौत निशानी क्यों ज़हिर प्याला पीणा ए।
बैठी रोवां विच्च उडीकां बिन तेरे क्या जीणा ए।
तांघ तेरी विच बिहबल होईआं तड़प रिहा मेरा सीना ए।
'संतोख सिंघा' बिन माही प्यारे भावे न एह जीणा ए।

ਇਸ ਅੰਕ ਵਿਚ


| | |
|---|---|
| ਹਾੜ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ | ਟਾ-2 |
| ਸੰਪਾਦਕੀ: ਕਰਉ ਬੇਨੰਤੀਆ: ਬੰਨ੍ਹਿ ਉਠਾਈ ਪੋਟਲੀ | 2 |
| ਗੁਰਮਤਿ ਸੰਗੀਤ ਵਿਚ ਰਾਗ ਕੇਦਾਰਾ – ਡਾ: ਗੁਰਨਾਮ ਸਿੰਘ | 4 |
| **Ab ki baar baksh bande ko bahur na bhoujal phera - Bably** | 6 |
| ਚਿੱਤਰਕਾਰੀ ਵਿਚ ਗੁਰੂ ਨਾਨਕ ਵਿਰਾਸਤ – ਜਗਤਾਰਜੀਤ ਸਿੰਘ | 7 |
| **What is Naam? - Dr S.S. Bhatti** | 9 |
| ਦਸਮ ਗ੍ਰੰਥ ਦੇ ਪ੍ਰਕਾਂਡ ਵਿਦਵਾਨ ਕੀਰਤਨੀਏ ਗੁਰਮਤਿ ਸੰਗੀਤਾਚਾਰਿਆ ਭਾਈ ਬਲਬੀਰ ਸਿੰਘ ‘ਤਰਨਤਾਰਨੀ’ – ਡਾ: ਏ.ਪੀ. ਸਿੰਘ ‘ਰਿਧਮ’ | 16 |
| ਸੁਰਲਿਪੀ – ਰਾਗ ਮੱਧਕੌਸ – ਸਰਦਾਰ ਗੁਰਬਖਸ਼ ਸਿੰਘ | 19 |
| ਸੁਰਲਿਪੀ ਵਾਲਾ ਸ਼ਬਦ ਅਤੇ ਉਸ ਦੇ ਅੰਗ੍ਰੇਜ਼ੀ ਵਿਚ ਅਰਥ | ਟਾ-3 |



**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **‘ਅੰਮ੍ਰਿਤ ਕੀਰਤਨ’ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅੁਨਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

### ਚੰਦੇ ਦਾ ਵੇਰਵਾ

- **ਇਕ ਕਾਪੀ: 15 ਰੁਪਏ**
- **ਦੇਸ਼ ਸਾਲਾਨਾ ਚੰਦਾ: 150 ਰੁਪਏ**
- **ਜੀਵਨ ਮੈਂਬਰ ਚੰਦਾ: 1500 ਰੁਪਏ**
- **ਵਿਦੇਸ਼: ਸਾਲਾਨਾ ਚੰਦਾ INR 1500**
- **‘ਅੰਮ੍ਰਿਤ ਕੀਰਤਨ’ ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-**


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ-160015

ਫ਼ੋਨ: 0172-2772660, 098140 53630

e-mail: drjagirsingh@gmail.com

Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ ‘ਅੰਮ੍ਰਿਤ ਕੀਰਤਨ ਟ੍ਰਸਟ’ ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਬੰਨ੍ਹਿ ਉਠਾਈ ਪੋਟਲੀ

ਜਦੋਂ 1964-65 ਵਿੱਚ ਮੈਂ ਖਾਲਸਾ ਸਕੂਲ ਅੰਬਾਲਾ ਸ਼ਹਿਰ ਵਿੱਚ ਮੈਟ੍ਰਿਕ ਦੀ ਪੜ੍ਹਾਈ ਕਰ ਰਿਹਾ ਸਾਂ। ਉਦੋਂ ਸ਼ਾਇਦ ਪੰਜਾਬੀ ਦੀ ਪੁਸਤਕ ਸਾਹਿਤਵਾੜੀ ਸਾਡੇ ਕੋਰਸ ਵਿੱਚ ਸੀ। ਸਾਨੂੰ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕ ਗਿਆਨੀ ਬਲਵੰਤ ਸਿੰਘ ਜੀ ਸਨ। ਉਹ ਖੱਦਰ ਦੇ ਕਪੜੇ ਪਹਿਨਦੇ ਪੋਚਵੀਂ ਦਸਤਾਰ ਸਜਾਉਂਦੇ ਤੇ ਉਹਨਾਂ ਦਾ ਪੜ੍ਹਾਉਣ ਦਾ ਤਰੀਕਾ ਵੀ ਮੈਨੂੰ ਚੰਗਾ ਲੱਗਦਾ ਸੀ। ਸਕੂਲ ਅਤੇ ਸਾਡੇ ਘਰ ਦੇ ਰਾਹ ਵਿੱਚ ਹੀ ਉਹਨਾਂ ਦਾ ਛਾਪਾਖਾਨਾ ਸੀ ਤੇ ਕਈ ਵਾਰ ਉਹ ਉਥੇ ਬੈਠੇ ਵੀ ਕੁਝ ਪੜ੍ਹਦੇ ਲਿਖਦੇ ਨਜ਼ਰ ਆਉਂਦੇ ਸਨ। ਸਾਡੀ ਪੁਸਤਕ ਵਿੱਚ ਬਾਬਾ ਫਰੀਦ ਜੀ ਦੇ ਕੁਝ ਸਲੋਕ ਵੀ ਸਨ। ਉਥੇ ਪਹਿਲਾ ਸਲੋਕ ਜਿਹੜਾ ਗਿਆਨੀ ਜੀ ਨੇ ਸਾਨੂੰ ਪੜ੍ਹਾਇਆ ਸੀ ਉਹ ਸੀ-

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ।<br>
ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ।

ਉਹਨਾਂ ਨੇ ਕੀ ਅਤੇ ਕਿਵੇਂ ਪੜ੍ਹਾਇਆ ਸੀ ਇਹ ਯਾਦ ਨਹੀਂ। ਹੁਣ ਤਾਂ ਫਰੀਦ ਜੀ ਦੇ ਸਲੋਕਾਂ ਦੀਆਂ ਕਈ ਵਿਆਖਿਆਵਾਂ ਪੜ੍ਹ ਸੁਣ ਚੁਕਾਂ ਹਾਂ। ਅਜਕਲ੍ਹ ਇੱਕ ਪੁਸਤਕ ਪੜ੍ਹ ਰਿਹਾ ਸਾਂ 'ਨੈੱਟਵਰਕ ਆਫ਼ ਚੈਮਪੀਅਨਜ਼' ਉਸ ਵਿੱਚ ਇਕ ਕਹਾਣੀ ਪੜ੍ਹੀ ਤਾਂ ਫਰੀਦ ਜੀ ਦੇ ਇਸ ਸਲੋਕ ਦੀ ਯਾਦ ਤਾਜ਼ਾ ਹੋ ਗਈ। ਕਹਾਣੀ ਇੰਜ ਹੈ-

ਬਹੁਤ ਪਹਿਲਾਂ ਦੀ ਗੱਲ ਹੈ। ਇਕ ਬੁੱਢਾ ਆਦਮੀ ਸੀ ਅਤੇ ਇਕ ਛੋਟਾ ਬੱਚਾ ਸੀ। ਬੁੱਢੇ ਆਦਮੀ ਦਾ ਨਾਂ ਸੀ ਸਾਰਟਬਸ ਅਤੇ ਬੱਚੇ ਦਾ ਨਾਂ ਸੀ ਕਿਮ। ਕਿਮ ਅਨਾਥ ਸੀ ਅਤੇ ਉਸ ਨੂੰ ਆਪਣਾ ਪੇਟ ਖੁਦ ਪਾਲਣਾ ਪੈਂਦਾ ਸੀ। ਉਹ ਭੋਜਨ ਅਤੇ ਸਿਰ ਤੇ ਛੱਤ ਦੀ ਤਲਾਸ਼ ਵਿੱਚ ਪਿੰਡ ਪਿੰਡ ਭਟਕਦਾ ਰਹਿੰਦਾ ਸੀ।ਪਰ ਸਭ ਤੋਂ ਅਹਿਮ ਗੱਲ, ਉਹ ਰੋਟੀ ਅਤੇ ਮਕਾਨ ਤੋਂ ਇਲਾਵਾ ਇਕ ਮਹੱਤਵਪੂਰਨ ਸਵਾਲ ਦੇ ਜਵਾਬ ਦੀ ਤਲਾਸ਼ ਵਿੱਚ ਸੀ। ਉਹ ਹਰ ਵੇਲੇ ਸੋਚਦਾ ਰਹਿੰਦਾ, 'ਆਖਰ ਅਜਿਹਾ ਕਿਉਂ ਹੁੰਦਾ ਹੈ ਕਿ ਅਸੀਂ ਜੀਵਨ ਭਰ ਜਿਹੜੀ ਚੀਜ਼ ਦੀ ਤਲਾਸ਼ ਵਿੱਚ ਰਹਿੰਦੇ ਹਾਂ ਸਾਨੂੰ ਕਿਉਂ ਨਹੀਂ ਮਿਲਦੀ? ਹਾਲਾਤ ਇਤਨੇ ਔਖੇ ਕਿਉਂ ਹਨ? ਕੀ ਅਸੀਂ ਹੀ ਇਸ ਦਾ ਕਾਰਨ ਹਾਂ? ਕੀ ਸਾਨੂੰ ਇਸੇ ਤਰ੍ਹਾਂ ਹੀ ਸੰਘਰਸ਼ ਕਰਨਾਂ ਪਵੇਗਾ?' ਇਹ ਸਵਾਲ ਕਿਮ ਵਰਗੇ ਛੋਟੇ ਜਿਹੇ ਬੱਚੇ ਵਾਸਤੇ ਬੜੇ ਵੱਡੇ ਸਨ। ਚਲਦਿਆਂ ਚਲਦਿਆਂ ਰਾਹ ਵਿੱਚ ਉਹਨੂੰ ਇੱਕ ਬਜ਼ੁਰਗ ਆਦਮੀ ਮਿਲ ਗਿਆ। ਉਹ ਵੀ ਉਸੇ ਰਾਹ ਹੀ ਜਾ ਰਿਹਾ ਸੀ। ਕਿਮ ਨੇ ਸੋਚਿਆ ਕਿ ਇਹ ਬਜ਼ੁਰਗ ਤਾਂ ਮੇਰੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ। ਬੁੱਢੇ ਆਦਮੀ ਨੇ ਆਪਣੀ ਪਿੱਠ ਤੇ ਇਕ ਬੜੀ ਗਠੜੀ ਚੁੱਕੀ ਹੋਈ ਸੀ । ਉਹ ਬੜੀ ਭਾਰੀ ਜਾਪ ਰਹੀ ਸੀ।ਜਦੋਂ ਸੜਕ ਦੇ ਕਿਨਾਰੇ ਥੋੜਾ ਆਰਾਮ ਕਰਨ ਲਈ ਰੁਕੇ ਤਾਂ ਥਕੇ ਹੋਏ ਅੰਦਾਜ਼ ਵਿੱਚ ਬੁੱਢੇ ਨੇ ਗਠੜੀ ਨੂੰ ਹੇਠਾਂ ਰੱਖਿਆ। ਕਿਮ ਨੂੰ ਲੱਗ ਰਿਹਾ ਸੀ ਕਿ ਇਹ ਆਦਮੀ ਆਪਣੀ ਸਾਰੀ ਘਰ-ਗ੍ਰਹਿਸਤੀ ਇਸੇ ਗਠੜੀ ਵਿੱਚ ਹੀ ਲਿਜਾ ਰਿਹਾ ਹੈ। ਇਹ ਇਤਨੀ ਭਾਰੀ ਹੈ। ਕਿਮ ਨੇ ਪੁਛਿਆ ਇਸ ਗਠੜੀ ਵਿੱਚ ਅਜਿਹਾ ਕੀ ਹੈ ਜੋ ਇਤਨੀ ਭਾਰੀ ਹੈ ਅਤੇ ਤੁਸੀਂ ਇਸ ਨੂੰ ਚੁੱਕੀ ਫਿਰਦੇ ਹੋ? ਤੁਸੀਂ ਇਹ ਮੈਨੂੰ ਚੁਕਾ ਦਿਓ। ਪਰ ਉਸ ਆਦਮੀ ਨੇ ਕਿਹਾ ਇਸ ਗਠੜੀ ਨੂੰ ਤਾਂ ਮੈਨੂੰ ਆਪ ਹੀ ਚੁੱਕਣਾ ਪਵੇਗਾ। ਤੂੰ ਜਿਸ ਰਾਹ ਚੱਲ ਰਿਹਾ ਹੈਂ ਹੋ ਸਕਦਾ ਹੈ ਤੈਨੂੰ ਵੀ ਇਹੋ ਜਿਹੀ ਆਪਣੀ ਗਠੜੀ ਚੁਕਣੀ ਪੈ ਜਾਵੇ। ਕਿਮ ਨੂੰ ਗੱਲ ਸਮਝ ਨਹੀਂ ਸੀ ਆਈ। ਕਦੀ ਕਦੀ ਰਾਤ ਨੂੰ ਕਿਮ ਵੇਖਦਾ ਕਿ ਬੁੱਢਾ ਮਾਮੂਲੀ ਜਿਹੀ ਰੋਸ਼ਨੀ ਵਿੱਚ ਆਪਣੀ ਗਠੜੀ ਵਿਚਲੀਆਂ ਚੀਜ਼ਾਂ ਟਟੋਲਦਾ ਤੇ ਹੌਲੀ ਹੌਲੀ ਆਪਣੇ ਨਾਲ ਹੀ ਗੱਲਾਂ ਕਰਦਾ।

ਅਖੀਰ ਇੱਕ ਦਿਨ ਬੁੱਢੇ ਸਾਰਟਬਕਸ ਵਿੱਚ ਅੱਗੇ ਤੁਰਨ ਦੀ ਬਿਲਕੁਲ ਤਾਕਤ ਨਹੀਂ ਬਚੀ ਤਾਂ ਉਸਨੇ ਕਿਮ ਨੂੰ ਦੱਸਿਆ ਕਿ ਇਸ ਗੱਠੜੀ ਵਿੱਚ ਉਹ ਸਾਰੀਆਂ ਚੀਜ਼ਾਂ ਸਨ ਜਿਹਨਾਂ ਤੇ ਮੈਂ ਵਿਸ਼ਵਾਸ ਕਰਦਾ ਸੀ।ਪਰ ਇਹ ਸੱਚ ਸਾਬਤ ਨਹੀਂ ਹੋਈਆਂ ਇਹ ਤਾਂ ਪੱਥਰ ਬਣ ਗਈਆਂ ਹਨ ਜਿਹਨਾਂ ਦਾ ਭਾਰ ਮੈਂ ਸਾਰੀ ਉਮਰ ਢੋਂਦਾ

**ਰਿਹਾ ਹਾਂ। ਇਹ ਸ਼ੰਕੇ, ਅਨਿਸ਼ਚਤਤਾ, ਦਿਸ਼ਾਹੀਣਤਾ ਰੂਪੀ ਪੱਥਰ ਨਾ ਚੁੱਕੀ ਫਿਰਦਾ ਤਾਂ ਮੈਂ ਆਪਣੀ ਸੁਪਨਿਆਂ ਦੀ ਮੰਜ਼ਲ ਤੇ ਪਹੁੰਚ ਸਕਦਾ ਸਾਂ। ਪਰ ਇਹਨਾਂ ਬੋਝਾਂ ਕਾਰਨ ਮੈਨੂੰ ਆਪਣੀ ਯਾਤਰਾ ਇੱਥੇ ਹੀ ਸਮਾਪਤ ਕਰਨੀ ਪੈ ਰਹੀ ਹੈ।**

**ਬਾਅਦ ਵਿੱਚ ਜਦੋਂ ਕਿਮ ਨੇ ਉਹ ਗੱਠੜੀ ਖੋਲੀ ਤਾਂ ਉਹ ਤਾਂ ਖਾਲੀ ਸੀ।-----ਜਦੋਂ ਮੈ ਇਹ ਕਹਾਣੀ ਪੜ੍ਹੀ ਤਾਂ ਮੈਨੂੰ ਫਰੀਦ ਜੀ ਦੇ ਸਲੋਕ ਦੀ ਯਾਦ ਆਈ ਤੇ ਯਾਦ ਆਏ ਗਿਆਨੀ ਬਲਵੰਤ ਸਿੰਘ ਜੀ। ਫਿਰ ਮੈਂ ਇਹ ਸਲੋਕ ਪੜ੍ਹਿਆ ਤੇ ਨਾਲ ਹੀ ਇਸ ਦਾ ਅੰਗਰੇਜ਼ੀ ਅਨੁਵਾਦ--**

**ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ।**
**ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ।**

O Fareed! I am so accustomed to walking in the ways of the world. I have tied and picked up the bundle, where can I go throw it away? -----

**-- ਭੁੱਲ ਚੁੱਕ ਖਿਮਾ ਜੀ --**

---



Dr. Jagir Singh, former Professor and Chairman, Department of Gurmat Sangeet being felicitated by Dr. Jaspal Singh, Vice Chancellor, Punjabi University, Patiala, at the Rababi Bhai Mardana Music Festival, 2011, for his distinguished services in the field of Gurmat Sangeet.

# ਗੁਰਮਤਿ ਸੰਗੀਤ ਵਿਚ ਰਾਗ ਕੇਦਾਰਾ

* ਡਾ. ਗੁਰਨਾਮ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ, ਦੇ ਪੰਨਾ ੧੦੮੭ 'ਤੇ ਗੁਰੂ ਅਮਰਦਾਸ ਜੀ 'ਮਾਰੂ ਦੀ ਵਾਰ' ਦੇ ਅੰਤਰਗਤ ਕੇਦਾਰਾ ਰਾਗ ਸੰਬੰਧੀ ਫੁਰਮਾ ਰਹੇ ਹਨ ਕਿ ਰਾਗਾਂ ਵਿਚ ਕੇਦਾਰਾ ਰਾਗ ਦਾ ਮਹੱਤਵ ਇਸ ਕਰਕੇ ਜਾਣਿਆ ਜਾ ਸਕਦਾ ਹੈ ਜੇਕਰ ਇਸਨੂੰ ਗਾਉਣ ਨਾਲ ਗੁਰ ਸ਼ਬਦ ਨਾਲ ਪਿਆਰ ਕਰਨ ਲੱਗ ਪਏ। ਕੇਦਾਰਾ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਤੀਏਵੇਂ ਸਥਾਨ ਤੇ ਪੰਨਾ ੧੧੧੮ 'ਤੇ ਅੰਕਿਤ ਹੈ। ਇਸ ਰਾਗ ਦੀ ਪ੍ਰਕਿਰਤੀ ਸ਼ਾਂਤ ਅਤੇ ਗੰਭੀਰ ਹੈ। ਇਸ ਰਾਗ ਵਿਚ ਭਗਤੀ ਭਾਵ ਨਾਲ ਭਰਪੂਰ ਸੰਤਾਂ, ਭਗਤਾਂ ਅਤੇ ਸੂਫ਼ੀਆਂ ਨੇ ਬਾਣੀ ਰਚੀ।

ਕੇਦਾਰਾ ਰਾਗ ਦਾ ਗੁਰਮਤਿ ਸੰਗੀਤ ਵਿਚ ਕੇਦਾਰਾ ਅਤੇ ਭਾਰਤੀ ਸੰਗੀਤ ਵਿਚ ਰਾਗ ਕੇਦਾਰ ਦੇ ਨਾਮ ਨਾਲ ਪ੍ਰਚਲਨ ਹੈ। ਭਾਰਤੀ ਸੰਗੀਤ ਵਿਚ ਪ੍ਰਚਲਿਤ ਰਾਗ-ਰਾਗਣੀ ਵਰਗੀਕਰਣ ਪੱਧਤੀ ਅਧੀਨ ਰਾਗਰਾਣਵ ਮੱਤ ਵਿਚ ਕੇਦਾਰਾ ਰਾਗ ਨੂੰ ਨਾਟ ਰਾਗ ਦੀ ਰਾਗਣੀ, ਭਰਤ ਮੱਤ ਵਿਚ ਦੀਪਕ ਰਾਗ ਦੀ ਰਾਗਣੀ ਅਤੇ ਸ਼ਿਵਮੱਤ ਵਿਚ ਗੌੜ ਸਿਰੀਰਾਗ ਦੀ ਰਾਗਣੀ ਮੰਨਿਆ ਗਿਆ ਹੈ। ਇਸ ਰਾਗ ਦੇ ਸੁਰਾਤਮਕ ਸਰੂਪ ਅਧੀਨ ਕੁਝ ਵਿਦਵਾਨ ਇਸ ਨੂੰ ਬਿਲਾਵਲ ਥਾਟ ਤੋਂ ਉਤਪੰਨ ਹੋਇਆ ਮੰਨਦੇ ਹਨ ਪਰੰਤੂ ਵਧੇਰੇ ਵਿਦਵਾਨ ਕਲਿਆਣ ਥਾਟ ਯੁਕਤ ਕੇਦਾਰਾ ਨੂੰ ਮਾਨਤਾ ਦਿੰਦੇ ਹਨ। ਇਸੇ ਪ੍ਰਕਾਰ ਕੇਦਾਰ ਰਾਗ ਦੀ ਜਾਤੀ ਦੇ ਸਬੰਧ ਵਿਚ ਵੀ ਮਤਭੇਦ ਪਾਏ ਜਾਂਦੇ ਹਨ।

ਕੇਦਾਰਾ ਰਾਗ ਨੂੰ ਕਲਿਆਣ ਥਾਟ ਦੇ ਅੰਤਰਗਤ ਰਖਦਿਆ ਇਸ ਦੇ ਆਰੋਹ ਵਿਚ ਰਿਸ਼ਭ, ਗੰਧਾਰ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸੰਪੂਰਨ ਮੰਨੀ ਹੈ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸ਼ੜਜ ਮੰਨਿਆ ਗਿਆ ਹੈ। ਦੋਵੇਂ ਸੁਰ ਮਧਿਅਮ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਕਲਿਆਣ ਥਾਟ ਅਧੀਨ ਹੀ ਕੇਦਾਰਾ ਰਾਗ ਦਾ ਹੋਰ ਸਰੂਪ ਜੋ ਕਿ ਔੜਵ-ਸ਼ਾੜਵ ਜਾਤੀ ਦਾ ਧਾਰਨੀ ਹੈ, ਵੀ ਮਿਲਦਾ ਹੈ। ਗੁਰਮਤਿ ਸੰਗੀਤ ਵਿਚ ਇਸ ਸਰੂਪ ਨੂੰ ਪ੍ਰਵਾਨਿਤ ਕੀਤਾ ਗਿਆ ਹੈ ਅਤੇ ਆਦਿ ਗ੍ਰੰਥ ਰਾਗ ਕੋਸ਼ ਅਤੇ ਰਾਗ ਨਿਰਣਾਇਕ ਕਮੇਟੀ ਨੇ ਵੀ ਇਸੇ ਸਰੂਪ ਨੂੰ ਪ੍ਰਮਾਣਿਕਤਾ ਦਿੱਤੀ ਹੈ। ਇਸ ਵਿਚ ਵੀ ਦੋਵੇਂ ਮਧਿਅਮ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੀ ਜਾਤੀ ਔੜਵ-ਸ਼ਾੜਵ ਹੈ। ਵਾਦੀ-ਸੰਵਾਦੀ ਮਧਿਅਮ ਤੇ ਸ਼ੜਜ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਇਸ ਦਾ ਆਰੋਹ ਸ਼ੜਜ ਮਧਿਅਮ, ਮਧਿਅਮ ਪੰਚਮ, ਧੈਵਤ, ਨਿਸ਼ਾਦ ਧੈਵਤ, ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਪੰਚਮ, ਮਧਿਅਮ(ਤੀਵਰ) ਪੰਚਮ ਧੈਵਤ ਪੰਚਮ ਮਧਿਅਮ, ਮਧਿਅਮ ਰਿਸ਼ਭ ਸ਼ੜਜ ਹੈ।

ਕੇਦਾਰਾ ਰਾਗ ਦੇ ਇਹਨਾਂ ਸਰੂਪਾਂ ਨੂੰ ਭਾਰਤੀ ਸੰਗੀਤ ਦੇ ਗ੍ਰੰਥਾਂ, ਜਿਵੇਂ 'ਰਾਗ ਵਿਸ਼ਾਰਦ' ਅਤੇ 'ਰਾਗ ਕੋਸ਼' ਵਿਚ ਵੀ ਕਲਿਆਣ ਥਾਟ ਦੇ ਅੰਤਰਗਤ ਹੀ ਸਵੀਕਾਰਿਆ ਗਿਆ ਹੈ। ਰਾਗ ਕੇਦਾਰ ਕਾਮੋਦ, ਹਮੀਰ, ਛਾਇਆ ਨਟ, ਆਦਿ ਰਾਗਾਂ ਦਾ ਨਿਕਟਵਰਤੀ ਰਾਗ ਹੈ ਪਰੰਤੂ ਆਪਣੇ ਵਿਸ਼ੇਸ਼ ਚਲਨ ਕਰਕੇ ਸਹਿਜੇ ਹੀ ਇਨ੍ਹਾਂ ਰਾਗਾਂ ਤੋਂ ਨਿਖੜ ਜਾਂਦਾ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਵੀ ਕੇਦਾਰ ਨੂੰ ਕਲਿਆਣ ਥਾਟ ਦਾ ਸੰਪੂਰਨ ਰਾਗ ਮੰਨਿਆ ਗਿਆ ਹੈ ਜਿਸ ਵਿਚ ਮਧਿਅਮ, ਨਿਸ਼ਾਦ ਦੋਵੇਂ ਪਰੰਤੂ ਤੀਬਰ ਮਧਿਅਮ ਤੇ ਗੰਧਾਰ ਦੁਰਬਲ, ਵਾਦੀ ਮਧਿਅਮ, ਸੰਵਾਦੀ ਸ਼ੜਜ ਅਤੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਸਵੀਕਾਰਿਆ ਹੈ। ਕੰਵਰ ਮ੍ਰਿਗੇਂਦਰ ਸਿੰਘ ਦੁਆਰਾ ਰਚਿਤ ਪੁਸਤਕ ਵਾਦਨ ਸਾਗਰ ਭਾਗ ਪਹਿਲਾ ਤੇ ਦੂਜਾ ਵਿਚ ਰਾਗ ਕੇਦਾਰਾ ਦੇ ਦੋ ਸਰੂਪ ਅੰਕਿਤ ਕੀਤੇ ਹਨ।

ਕੇਦਾਰਾ ਰਾਗ ਦੇ ਅਧੀਨ ਗੁਰੂ ਰਾਮਦਾਸ ਜੀ ਦੇ ਦੋ ਪਦੇ; ਗੁਰੂ ਅਰਜਨ ਦੇਵ ਜੀ ਦੇ ਪੰਦਰਾਂ ਪਦੇ, ਇਕ ਛੰਤ; ਭਗਤ ਕਬੀਰ ਜੀ ਦੇ ਛੇ ਅਤੇ ਭਗਤ ਰਵਿਦਾਸ ਜੀ ਦਾ ਇਕ ਸ਼ਬਦ ਇਸ ਰਾਗ ਦੇ ਅੰਤਰਗਤ ਦਰਜ ਹੈ।

ਸ੍ਰੀ ਦਰਬਾਰ ਸਾਹਿਬ ਦੀਆਂ ਰਾਤ ਦੇ ਕੀਰਤਨ ਦੀਆਂ ਚਉਕੀਆਂ ਵਿਚ ਆਰਤੀ ਦੀ ਚਉਕੀ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਰਖਦੀ ਹੈ। ਇਸ ਚਉਕੀ ਨਾਲ ਸਬੰਧਤ ਸ੍ਰੀ ਗੁਰੂ ਨਾਨਕ ਦੇਵ ਜੀ, ਭਗਤ ਰਵਿਦਾਸ, ਭਗਤ ਧੰਨਾ, ਭਗਤ ਸੈਣ ਅਤੇ ਭਗਤ ਕਬੀਰ ਦੁਆਰਾ ਰਚਿਤ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ।

ਸਮੁੱਚੇ ਗਾਇਨ ਦੌਰਾਨ ਰਾਗ ਧਨਾਸਰੀ ਨੂੰ ਹੀ ਪ੍ਰਮੁੱਖਤਾ ਦਿਤੀ ਜਾਂਦੀ ਹੈ। ਆਰਤੀ ਦਾ ਗਾਇਨ ਸਮੂਹ ਸੰਗਤ ਨਾਲ ਕੀਰਤਨਕਾਰ ਸਮੂਹਕ ਰੂਪ ਵਿਚ ਕਰਦੇ ਹਨ। ਆਰਤੀ ਦੀ ਚਉਕੀ ਵਿਚ ਆਰਤੀ ਦੇ ਸ਼ਬਦਾਂ ਦੇ ਗਾਇਨ ਉਪਰੰਤ ਰਾਤ ਦੇ ਰਾਗਾਂ ਵਿਚ ਕੁਝ ਸ਼ਬਦਾਂ ਦਾ ਗਾਇਨ ਵੀ ਕੀਤਾ ਜਾਂਦਾ ਹੈ।ਜਿਨ੍ਹਾਂ ਵਿਚ ਕੇਦਾਰਾ ਰਾਗ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਕਲਿਆਣ ਦੀ ਚਉਕੀ ਇਸ ਚਉਕੀ ਦੇ ਨਾਮ ਤੋਂ ਹੀ ਸਪਸ਼ਟ ਹੈ, ਇਹ ਚਉਕੀ ਇਕ ਰਾਗ ਵਿਸ਼ਿਸ਼ਟ ਰਾਗ ਕਲਿਆਣ ਦੀ ਚਉਕੀ ਹੈ ਜਿਸ ਅਧੀਨ ਰਾਗ ਕਲਿਆਣ ਦੇ ਸ਼ਬਦਾਂ ਦਾ ਗਾਇਨ ਵਿਸ਼ੇਸ਼ ਤੌਰ ’ਤੇ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਲਿਆਣ ਦੇ ਪ੍ਰਕਾਰਾਂ ਜਿਵੇਂ ਕਲਿਆਣ ਭੋਪਾਲੀ ਅਤੇ ਸ਼ਾਮ ਦੇ ਹੋਰ ਰਾਗਾਂ ਅਧੀਨ ਸ਼ਬਦ ਗਾਇਨ ਕੀਤਾ ਜਾਂਦਾ ਹੈ। ਇਸ ਸ਼ਬਦ ਚਉਕੀ ਵਿਚ ਵੀ ਕੇਦਾਰਾ ਰਾਗ ਦਾ ਗਾਇਨ ਕੀਤਾ ਜਾਂਦਾ ਹੈ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਕੇਦਾਰਾ ਦੇ ਚਿਤਰ ਉਪਲਬਧ ਹਨ। ਪ੍ਰਸਿੱਧ ਸਿੱਖ ਚਿੱਤਰਕਾਰ ਦੇਵਿੰਦਰ ਸਿੰਘ, ਜਰਨੈਲ ਸਿੰਘ ਆਦਿ ਹੁਰਾਂ ਤੋਂ ਬਾਣੀ 'ਤੇ ਆਧਾਰਿਤ ਰਾਗਾਂ ਵਿਚ ਰਚਿਤ ਬਾਣੀ ਦੇ ਅਧਿਐਨ ਤੋਂ ਬਾਅਦ ਬਾਣੀ ‘ਤੇ ਆਧਾਰਿਤ ਰਾਗਾਂ ਦੇ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, 1992 ਲਈ ਤਿਆਰ ਕਰਵਾਏ ਸਨ, ਜਿਸ ਤੋਂ ਰਾਗਾਂ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ। ਇਸ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਵਿਖੇ ਮਿਨੇਚਰ ਪੇਂਟਿੰਗ ਦੀ ਸ਼ੈਲੀ ਵਿਚ ਪ੍ਰੋਫੈਸਰ ਐਸ. ਸੁਮਹਿੰਦਰਾ (ਰਾਜਸਥਾਨ) ਦੀ ਅਗਵਾਈ ਵਿਚ ਦਸ ਕਲਾਕਾਰਾਂ ਦੀ ਟੀਮ ਨੂੰ ਪੰਜਾਬੀ ਯੂਨੀਵਰਸਿਟੀ ਵਿਖੇ ਬੁਲਾ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ‘ਤੇ ਕੁਝ ਪੇਂਟਿੰਗਜ਼ ਬਣਾਈਆਂ। ਕੈਨੇਡਾ ਵਸ ਗਏ ਸਾਡੇ ਹਰਦਿਲ ਅਜ਼ੀਜ਼ ਚਿਤਰਕਾਰ ਜਰਨੈਲ ਸਿੰਘ ਦੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੇਂਟਿੰਗਜ਼ ਵਿਚ ਵਿਸ਼ੇਸ਼ ਰੁਚੀ ਰਹੀ। ਕੈਨੇਡਾ ਦੇ ਵਿਸ਼ਵ ਵਿਖਿਆਤ ਚਿਤਰਕਾਰ ਸ. ਹਰਦੇਵ ਸਿੰਘ ਨੇ ਵੀ ਆਪਣੇ ਅੰਦਾਜ਼ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਨੂੰ ਕਲਾਤਮਕ ਛੋਹ ਪ੍ਰਦਾਨ ਕਰ ਆਪਣੀ ਅਕੀਦਤ ਭੇਟ ਕੀਤੀ ਹੈ।

ਕੇਦਾਰਾ ਰਾਗ ਦੇ ਅਧੀਨ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਭਾਈ ਅਵਤਾਰ ਸਿੰਘ–ਗੁਰਚਰਨ ਸਿੰਘ, ਸੰਤ ਸਰਵਣ ਸਿੰਘ *ਗੰਧਰਵ,* ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਪ੍ਰੋ. ਹਰਮਿੰਦਰ ਸਿੰਘ, ਆਦਿ ਪ੍ਰਮੁੱਖ ਰਚਨਾਕਾਰਾਂ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਕੇਦਾਰਾ ਰਾਗ ਨੂੰ ਗੁਰਮਤਿ ਸੰਗੀਤ ਪਰੰਪਰਾ ਦੇ ਸੰਗੀਤਕਾਰ ਤੇ ਕੀਰਤਨਕਾਰਾਂ ਨੇ ਆਪਣੇ–ਆਪਣੇ ਅੰਦਾਜ਼ ਵਿੱਚ ਬਾਖੂਬੀ ਗਾਇਆ ਹੈ, ਜਿਹਨਾਂ ਦੀ ਰਿਕਾਰਡਿੰਗ ਅਸੀਂ **www.gurmatsangeetpup.com, www.sikh-relics.com, www.vismaadnaad.org** ਅਤੇ **www.jawadditaksal.org** ਵੈਬ ਸਾਈਟਸ 'ਤੇ ਸੁਣ ਸਕਦੇ ਹਾਂ।

*ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ



# Ab ki baar baksh bande ko bahur na bhoujal phera

One fact has always left me wondering about the sacred shabad from Gurbani", AB KI BAAR BAKHSH BANDEY KO BAHUR NA BHOUJAL PHERA " .I really wonder, why this shabad is always sung only during the bhog of sri Akhand paath after death ? I personally feel .... Why should one's nears and dears recite this shabad when one has left this world , and pray to GOD to forgive his sins?

Why can't we pray to HIM , recite this shabad and seek HIS forgiveness ..... when We are alive? We must recite this shabad ,beg for forgiveness..for our sins and for salvation after this life too. We must pray to HIM to bless us with a strength to control our 5 indries and keep us away from five Evils. to bless us with a pious mind, sacred life.

Generally people think, this shabad is meant to be read after death only and its not auspicious to sing it otherwise.I condemn this silly thought. Why? Why after death? why not when we are alive? Bhagat Kabir composed and wrote this meaningful sacred shabad. He says our body is a village and our soul is the owner...the farmer. Five farmers live there....these are Eyes,Nose Ears, tongue, and sensory organs of touch.. These indries never obey any order by the owner Soul.Indries make us committ all the mistakes, sins. Soul, now does not feel like living in this village any more.Kabeer says "BABA ABB NA BASOU EH GAAOU" the accountants called Chitargupat, recording scribes of the conscious and the unconscious asks for accounts of every moment, every action of our life. Now the Soul is afraid of....when the judge of Dharma will ask for accounts of our actions..then there will be a heavy balance against our soul.In this shabad Kabeer says....O, lord God forgive my sins in this life only. settle my accounts in the world....this farm. He does not want to return to this horrible worldly ocean.

Thus when Dharam raj checks accounts of our Karma. We will have to pay a lot...then why should nt we recite this shabad, when we are alive and ask for forgiveness. We committed the sins. Why should our nears and dears, beg for forgivness for our sins, after our death?

Whole life we remain proud of our wealth, lands, property and Ranks .We remain Egoistic, arrogant and cruel to others. After all why? Have We ever realized the meaning of a shabad from Gurbani? This shabad is. " KEYA THORHRHI( ਥੋੜੜੀ) BAAT GUMAAN" Why this Ahankaar, this Gumaan? Do We ever realize one fact? When we burn the body of our loved ones and next day go to the cremation ground, to collect the 'Asthian'. its so painful to see that we collect just a handful of the asthian, put them in red linen and throw them in some flowing sacred waters. . to swim away with the waves. Even, that handful of the asthian is not our property. Nor that 'saadey teen haath' of zameen where the body was burnt, is ours. Then We must realize the meaning of "KEYA THORHRHI BAAT GUMAAN", and while living in this world we must beg before God "AB KI BAAR BAKHASH BANDEY KO BAHUR NA BHOUJAL PHERA".

Bably S. Singh, Ludhiana

# ਚਿੱਤਰਕਾਰੀ 'ਚ ਗੁਰੂ ਨਾਨਕ ਵਿਰਾਸਤ

ਜਗਤਾਰਜੀਤ ਸਿੰਘ

## ਕੈਨਵਸ 'ਤੇ ਉੱਕਰੇ ਰੰਗਾਂ ਮਾਰਫ਼ਤ ਗੁਰੂ ਨਾਨਕ ਫ਼ਲਸਫ਼ੇ ਦੇ ਇਸ਼ਾਰੇ

ਪੇਂਟਰ ਜਸਵੰਤ ਸਿੰਘ ਗੁਰੂ ਨਾਨਕ ਦੇਵ ਜੀ ਨੂੰ ਦੋ ਤਰ੍ਹਾਂ ਸਾਕਾਰ ਕਰਦਾ ਹੈ। ਪਹਿਲੀ ਥਾਏਂ ਗੁਰੂ ਜੀ ਦਾ ਚਿਹਰਾ-ਮੋਹਰਾ ਹੁੰਦਾ ਹੈ ਜਾਂ ਫਿਰ ਪੂਰਾ ਸਰੀਰ। ਇਹ ਚਿਤਰ ਬਣਾਏ ਤਾਂ ਗਏ ਪਰ ਇਹ ਲੋਕ ਪ੍ਰਵਾਨਗੀ ਤੋਂ ਵਿਰਵੇਂ ਹਨ।

ਦੂਜੀ ਥਾਏਂ ਚਿਤੇਰਾ ਗੁਰੂ ਜੀ ਦੇ ਸਰੀਰਕ ਅੰਗ ਜਿਵੇਂ ਲੱਤਾਂ ਜਾਂ ਹੱਥਾਂ ਨੂੰ ਹੀ ਕੈਨਵਸ ਉੱਪਰ ਉਤਾਰ ਆਪਣੀ ਗੱਲ ਕਰ ਲੈਂਦਾ ਹੈ। ਅਜਿਹੀ ਪੇਸ਼ਕਾਰੀ ਨੂੰ ਚੰਗਾ ਹੁੰਗਾਰਾ ਮਿਲਿਆ। ਸੁਣਨ ਨੂੰ ਇਹ ਅਜੀਬ ਲੱਗ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਨੂੰ ਲੈ ਕੇ ਉਸ ਬਿਰਤਾਂਤਕ ਚਿੱਤਰ ਵੀ ਰਚੇ, ਪਰ ਪ੍ਰਚਲਿਤ ਨਾ ਹੋ ਸਕੇ। ਉਦਾਹਰਣ ਸਰੂਪ ਅਸੀਂ ਵਲੀ ਕੰਧਾਰੀ ਵਾਲੀ ਸਾਖੀ ਨੂੰ ਰੂਪਮਾਨ ਕਰਦਾ ਦ੍ਰਿਸ਼ ਲੈ ਸਕਦੇ ਹਾਂ। ਦੂਜੇ ਚਿਤੇਰਿਆਂ ਨੇ ਜੋ ਪਹੁੰਚ ਅਪਣਾਈ, ਜਸਵੰਤ ਸਿੰਘ ਦੀ ਪਹੁੰਚ ਸਭਨਾਂ ਤੋਂ ਭਿੰਨ ਹੈ। ਆਪਣੇ ਕੰਮ ਨੂੰ ਹੋਰਨਾਂ ਤੋਂ ਵੱਖਰਾ ਰੱਖਣਾ ਜਸਵੰਤ ਸਿੰਘ ਦੀਆਂ ਪੇਂਟਿੰਗਾਂ ਦੀ ਖ਼ਾਸੀਅਤ ਹੈ।

'ਗੁਰੂ ਨਾਂਨਕ' ਚਿੱਤਰ ਦੀ ਰਚਨਾ ਕਿਹੜੇ ਸਾਲ ਕੀਤੀ ਗਈ, ਪਤਾ ਨਹੀਂ ਲੱਗ ਸਕਿਆ। ਅਨੁਮਾਨ ਇਹੋ ਹੈ, ਇਸ ਦੀ ਰਚਨਾ ਉਸ ਵੇਲੇ ਕੀਤੀ, ਜਿਸ ਵੇਲੇ ਸਿੱਖ ਸੰਗਤ ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਉਤਸਵ ਮਨਾ ਰਹੀ ਸੀ।

ਯਕੀਨੀ ਤੌਰ 'ਤੇ ਚਿੱਤਰ ਰੰਗਦਾਰ ਸੀ, ਪਰ ਮੇਰੇ ਕੋਲ ਉਸ ਦਾ 'ਬਲੈਕ ਐਂਡ ਵ੍ਹਾਈਟ' ਉਤਾਰਾ ਹੈ। ਕਿਸੇ ਪ੍ਰਤਿਭਾਵਾਨ ਚਿੱਤੇਰੇ ਦਾ ਸਾਰਾ ਕੰਮ ਨਾ ਮਿਲਣਾ, ਕੰਮ ਨਾਲ ਜੁੜੇ ਵੇਰਵਿਆਂ ਦਾ ਮੁਹੱਈਆ ਨਾ ਹੋਣਾ ਇਕ ਵੱਖਰੀ ਤਰ੍ਹਾਂ ਦੀ ਸਮੱਸਿਆ ਹੈ। ਦੇਖਣ, ਲਿਖਣ, ਪੜ੍ਹਨ ਵਾਲਿਆਂ ਵਾਸਤੇ ਇਹ ਜਾਣਕਾਰੀ ਲਾਜ਼ਮੀ ਹੈ।

'ਗੁਰੂ ਨਾਨਕ' ਨਾਮ ਨਾਲ ਬਣਾਈ ਰਚਨਾ ਵਿਚ ਗੁਰੂ ਨਾਨਕ ਦੇਵ ਜੀ ਨਹੀਂ ਹਨ। ਗੁਰੂ ਵਿਅਕਤੀ ਦਾ ਸਰੂਪ ਕੈਨਵਸ ਉੱਪਰ ਨਾ ਹੋਣਾ ਦਰਸ਼ਕ ਨੂੰ ਹੈਰਾਨ ਕਰਦਾ ਹੈ। ਕਿਉਂਕਿ ਉਸ ਦੀ ਅੱਖ ਨੂੰ ਇਹ ਆਦਤ ਨਹੀਂ। ਗੁਰੂ ਜੀ ਦੀ ਮੌਜੂਦਗੀ, ਦੇਖਣ ਨੂੰ ਚੰਗੀ ਹੋਵੇ ਜਾਂ ਮਾੜੀ, ਬਿਨਾਂ ਦਰਸ਼ਕ ਨੂੰ ਤਸੱਲੀ ਨਹੀਂ ਹੁੰਦੀ ਕਿਉਂਕਿ ਉਹ ਸ਼ੁਰੂ ਤੋਂ ਇਹਦੇ ਨਾਲ ਬੱਝਾ ਹੋਇਆ ਹੁੰਦਾ ਹੈ।

ਜਸਵੰਤ ਸਿੰਘ ਪੇਂਟਿੰਗ ਵਿਚ ਗੁਰੂ-ਚਿਹਰੇ ਨੂੰ ਨਹੀਂ ਬਣਾਉਂਦਾ ਸਗੋਂ ਚਾਰ ਹੱਥ ਬਣਾ ਦਿੰਦਾ ਹੈ। ਇਹ ਵੀ ਪੇਸ਼ਕਾਰੀ ਦੀ ਖੁੱਲ੍ਹ ਹੈ ਕਿ ਦੋ ਹੱਥਾਂ ਦੀ ਬਜਾਏ ਚਾਰ ਹੱਥ ਬਣਾ ਦਿੱਤੇ ਜਾਂਦੇ ਹਨ।

ਦਰਸ਼ਕ ਆਮ ਤੌਰ 'ਤੇ, ਚਿਹਰਾ ਨਿਹਾਰ ਕੇ ਸ਼ਾਂਤ ਚਿੱਤ ਹੋ ਜਾਂਦਾ ਹੈ, ਐਪਰ ਇੱਥੇ ਉਹ ਅਵਸਥਾ ਪੈਦਾ ਨਹੀਂ ਹੁੰਦੀ। ਉਹਦੇ ਅੰਦਰ ਹਲਚਲ ਜਾਗ੍ਰਿਤ ਹੁੰਦੀ ਹੈ, ਇਹ ਕੀ ਹੈ ? ਇਹ ਏਦਾਂ ਕਿਉਂ ਹੈ ?

ਪ੍ਰਸ਼ਨ ਵਿਅਕਤੀ ਨੂੰ ਜਾਣਨ ਸਮਝਣ ਦੇ ਰਾਹ ਪਾਉਂਦੇ ਹਨ। ਉਹ ਗੁਰੂ ਨਾਨਕ ਦੇਵ ਦੀ ਛੱਬ ਤੱਕ ਸੀਮਤ ਨਾ ਰਹਿ ਕੇ ਕੁਝ ਹੋਰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਕੈਨਵਸ ਉੱਪਰ ਚਾਰ ਹੱਥ ਹਨ। ਦੇਖਣ ਨੂੰ ਇਹ ਸਥਿਰ ਹਨ ਪਰ ਅਸਲ ਵਿਚ ਹਰੇਕ ਹੱਥ ਆਪਣੇ ਦੁਆਰਾ ਕੋਈ ਨਾ ਕੋਈ ਕੰਮ ਕਰ ਰਿਹਾ ਹੈ। ਪੇਂਟਿੰਗ ਦਾ ਨਾਮ 'ਗੁਰੂ ਨਾਨਕ' ਹੈ ਇਸ ਕਾਰਣ ਇਹ ਹੱਥ ਵੀ ਉਨ੍ਹਾਂ ਦੇ ਹਨ।

ਸਰੀਰ ਦੇ ਦੋਵੇਂ ਹੱਥਾਂ ਦੀ ਬਜਾਏ ਇਕੋ ਹੱਥ ਦੀਆਂ ਚਾਰ ਛਵੀਆਂ ਬਣਾ ਦਿੱਤੀਆਂ ਹਨ। ਭਾਵ ਇਕ ਹੱਥ ਚਾਰ ਕੰਮ ਕਰ ਰਿਹਾ ਹੈ। ਇਕ ਕੰਮ ਇਕ ਸਮੇਂ ਹੋ ਸਕਦਾ ਹੈ, ਇੰਨਾ ਕੁ ਗਿਆਨ ਸਾਰਿਆਂ ਨੂੰ ਹੈ। ਇਹ ਵਿਹਾਰ ਸਾਨੂੰ ਗੁਰੂ ਜੀ ਦੇ ਜੀਵਨ ਵੱਲ ਮੋੜ ਦਿੰਦਾ ਹੈ।

ਭਾਈ ਗੁਰਦਾਸ ਜੀ ਪਹਿਲੀ ਵਾਰ ਗੁਰੂ ਜੀ ਦੇ ਇਹ ਲੋਕ ਵਿਚ ਆਉਣ ਅਤੇ ਉਨ੍ਹਾਂ ਦੇ ਜੀਵਨ ਨਾਲ ਜੁੜੀਆਂ ਕੁਝ ਘਟਨਾਵਾਂ ਬਾਬਤ ਚਾਨਣ ਪਾਉਂਦੀ ਹੈ। ਗੁਰੂ ਜੀ ਨੇ ਆਪਣੇ ਜੀਵਨ ਕਾਲ ਵਿਚ ਚਾਰ ਦਿਸ਼ਾਵਾਂ ਵੱਲ ਚਾਰ ਯਾਤਰਾਵਾਂ ਕੀਤੀਆਂ ਜੋ ਚਾਰ ਉਦਾਸੀਆਂ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਹਨ।

ਚਿੱਤਰਕਾਰ ਜਸਵੰਤ ਸਿੰਘ ਗੁਰੂ ਜੀ ਦੇ ਜੀਵਨ ਵਿਚੋਂ, ਆਪਣੀ ਮੱਤ-ਬੁੱਧ ਅਨੁਸਾਰ, ਚਾਰ ਇਕਾਈਆਂ ਚੁਣਦਾ ਹੈ। ਸਭ ਤੋਂ ਉੱਪਰ ਬਣੇ ਹੱਥ ਦੀ ਇਕ ਉਂਗਲ ਸਿੱਧੀ ਖੜ੍ਹੀ ਹੈ। ਇਹ ਉਂਗਲ '੧ਓ' ਨੂੰ ਸੰਕੇਤਦੀ ਹੋਈ ਲਗਭਗ ਛੂਹ ਹੀ ਰਹੀ ਹੈ। '੧ਓ' ਵਾਲੀ ਸਪੇਸ ਹੋਰ ਸਾਰੀ ਸਪੇਸ ਦੇ ਮੁਕਾਬਲੇ ਪ੍ਰਕਾਸ਼ਵਾਨ ਹੈ। ਪ੍ਰਕਾਸ਼ ਊਰਜਾ ਅਤੇ ਗਿਆਨ ਦਾ ਲਖਾਇਕ ਹੈ।

ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ 'ਇਕ' ਦੇ ਪੂਜਕ ਸਨ। ਉਸੇ ਇਕ ਨੇ ਆਪ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਆਪਣੀ ਰਚਨਾ ਵਿਚ ਰਚਿਆ ਹੋਇਆ ਹੈ।

ਇਸ ਹੱਥ ਦੇ ਐਨ ਥੱਲੇ ਵੱਲ ਇਕ ਹੋਰ ਹੱਥ ਹੈ। ਇਹ ਹੱਥ ਸਿਮਰਨਾ ਫੇਰਨ ਵਿਚ ਮਸ਼ਰੂਫ਼ ਹੈ। ਇਹ ਕਾਰਜ ਉਪਰੋਕਤ ਵਿਸ਼ਵਾਸ ਦਾ ਵਿਹਾਰਕ ਪਸਾਰ ਹੈ। ਇਕ ਇਸ਼ਟ ਦੀ ਅਰਾਧਨਾ ਵਿਸ਼ਵਾਸ ਨੂੰ ਦ੍ਰਿੜ੍ਹ ਕਰਨ ਦੇ ਨਾਲ ਨਾਲ ਅਡੋਲਤਾ ਪ੍ਰਦਾਨ ਕਰਦੀ ਹੈ।

ਮਾਲਾ ਫੇਰਨ ਦੀ ਕਿਰਿਆ ਦਾ ਭਾਵ ਸਿਰਜਕ ਨੂੰ ਸਦਾ ਚੇਤੇ ਰੱਖਣਾ ਵੀ ਹੈ। ਆਪਣੇ ਨੂੰ ਇਕਾਗਰ ਕਰਨਾ, ਊਰਜਾ ਇਕੱਤਰ ਕਰਨਾ ਜਿਹਾ ਕਰਮ ਹੈ।

ਮਾਲਾ ਭਾਵੇਂ ਪੂਰੀ ਨਹੀਂ ਦਿਖ ਰਹੀ ਪਰ ਕਹੀ ਜਾਣ ਵਾਲੀ ਗੱਲ ਦੇਖਣ ਵਾਲੇ ਤੱਕ ਪੂਰੀ ਤਰ੍ਹਾਂ ਪੁੱਜ ਜਾਂਦੀ ਹੈ। ਇਨ੍ਹਾਂ ਦੋਹਾਂ ਹੱਥਾਂ ਦਾ ਸੰਬੰਧ ਨਿੱਜ ਨਾਲ ਹੈ ਭਾਵ ਇਕ ਭਗਤ ਦਾ ਆਪਣੇ ਇਸ਼ਟ/ਪ੍ਰਮਾਤਮਾ ਨਾਲ ਜੁੜਾਵ ਨੂੰ ਦੱਸਦਾ ਹੈ। ਖੱਬੇ ਅਤੇ ਸੱਜੇ ਵਾਲੇ ਹੱਥਾਂ ਦਾ ਵਿਹਾਰ ਵੱਖਰਾ ਹੈ। ਪਹਿਲੇ ਦੋ ਹੱਥ ਕਿਸੇ ਨਾ ਕਿਸੇ ਤਰ੍ਹਾਂ ਦੇ ਪਾਰਲੌਕਿਕਤਾ ਵੱਲ ਸੰਕੇਤ ਕਰਦੇ ਹਨ ਤਾਂ ਇਹ ਦੋ ਹੱਥ ਇਹਲੌਕਿਕਤਾ ਵੱਲ ਸੰਕੇਤ ਕਰ ਰਹੇ ਲੱਗਦੇ ਹਨ। ਖੱਬੇ ਵੱਲ ਦਾ ਹੱਥ ਖੁੱਲ੍ਹਾ ਹੈ ਜਿਸ ਉੱਪਰ ਅਨਾਜ ਹੈ।

ਇਸ ਦੀ ਮੁਦਰਾ ਲੈਣ ਦੀ ਨਹੀਂ ਸਗੋਂ ਦੇਣ ਦੀ ਹੈ। ਇਸ ਕਿਰਿਆ ਦਾ ਗੁਰੂ ਨਾਂਨਕ ਦੇਵ ਦੇ ਜੀਵਨ ਨਾਲ ਅਹਿਮ ਹਿੱਸਾ ਹੈ। ਅਨੁਮਾਨ ਹੈ ਇਸ ਦਾ ਸਬੰਧ 'ਸੱਚੇ ਸੌਦੇ' ਵਾਲੀ ਸਾਖੀ ਨਾਲ ਹੈ। ਇਹ ਘਟਨਾ ਸਿੱਖ ਧਰਮ ਦਾ ਅਹਿਮ ਅੰਗ ਹੋ ਨਿਬੜਦੀ ਹੈ ਜੋ 'ਲੰਗਰ ਪ੍ਰਥਾ' ਦੇ ਨਾਮ ਨਾਲ ਜਾਣੀ ਜਾਣ ਲਗਦੀ ਹੈ। ਗੁਰੂ ਜੀ ਬਾਅਦ ਆਉਣ ਵਾਲੇ 'ਸਿੱਖ ਗੁਰੂਆਂ' ਇਸ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ। ਅਜੋਕੇ ਸਮੇਂ ਸੰਸਾਰ ਭਰ ਵਿੱਚ ਖੁੱਲ੍ਹੇ ਹੋਏ ਗੁਰੂਘਰ ਗੁਰੂ ਨਾਨਕ ਦੇਵ ਜੀ ਦੀ ਤੋਰੀ ਰੀਤ ਨੂੰ ਜੀਵਿਤ ਰੱਖ ਰਹੇ ਹਨ।

ਸੱਜੇ ਵੱਲ ਦੇ ਹੱਥ ਵਿਚ ਦਾਤੀ ਦਿਖਾਈ ਦੇ ਰਹੀ ਹੈ। ਗੁਰੂ ਜੀ ਚਾਰ ਉਦਾਸੀਆਂ ਉਪਰੰਤ ਕਰਤਾਰਪੁਰ ਆ ਟਿਕਦੇ ਹਨ। ਉਹ ਮੰਗੇ ਜਾਂ ਕਿਸੇ ਦੇ ਦਿੱਤੇ ਹੋਏ ਅੰਨ ਉਪਰ ਆਪਣੀ ਗੁਜ਼ਰ-ਬਸਰ ਨਹੀਂ ਕਰਦੇ ਹਨ, ਬਲਕਿ ਹੱਥੀਂ ਕਿਰਤ ਕਰਦੇ ਹਨ। ਹੱਥ ਵਿਚ ਫੜੀ ਦਾਤੀ ਖੜੀ ਫਸਲ ਕੱਟੇ ਜਾਣ ਦੀ ਸੂਚਕ ਹੈ। ਗੁਰੂ ਜੀ ਵਲੋਂ ਕੀਤਾ ਜਾ ਰਿਹਾ ਕੰਮ ਸਿਰਫ਼ ਗੁਰੂ ਤੱਕ ਸੀਮਤ ਨਹੀਂ, ਇਸ ਨੇ ਸਿੰਮਦਿਆਂ ਹੋਇਆਂ ਗੁਰੂ ਦੇ ਸਿੱਖ, ਦੇਸ਼-ਕਾਲ ਤੱਕ ਸਦਾ ਅਤੇ ਨਿਰੰਤਰ ਪੁੱਜਦੇ ਰਹਿਣਾ ਹੈ।

ਸਮੁੱਚਾ ਚਿੱਤਰ ਸਿੱਖਾਂ ਨੂੰ ਸੰਬੋਧਤ ਹੈ। ਸਿੱਖ ਇਕ ਅਕਾਲ ਪੁਰਖ ਨੂੰ ਮੰਨੇ, ਉਸ ਨੂੰ ਆਪਣੀ ਯਾਦ ਦਾ ਹਿੱਸਾ ਭਾਵ ਉਸ ਦਾ ਸਿਮਰਨ ਕਰੇ। ਉਹ ਆਪਣੀਆਂ ਸੰਸਾਰਕ ਲੋੜਾਂ ਦੀ ਪੂਰਤੀ ਲਈ 'ਕਿਰਤ ਕਰੇ', ਮਿਹਨਤ ਕਰੇ। ਮਿਹਨਤ ਨਾਲ ਜੋ ਪ੍ਰਾਪਤੀ ਹੋਵੇ ਉਸ ਨੂੰ ਹੋਰਾਂ ਨਾਲ ਵੰਡ-ਛਕੇ। ਵਡੇਰੇ ਅਰਥਾਂ ਵਿਚ ਉਹ ਹਰ ਵਿਅਕਤੀ 'ਗੁਰੂ ਦਾ ਸਿੱਖ' ਹੀ ਹੈ ਜੋ ਇਨ੍ਹਾਂ ਅਸੂਲਾਂ ਨੂੰ ਮੰਨਦਾ ਹੈ।

ਇਸ ਰਚਨਾ ਦੀ ਇਕ ਹੋਰ ਖ਼ਾਸੀਅਤ ਹੈ। ਦਿਖਾਈ ਦੇਣ ਵਾਲੇ ਚਾਰੇ ਹੱਥ 'ਸੱਜੇ' ਵੱਲ ਦੇ ਹਨ। 'ਖੱਬਾ' ਹੱਥ ਨਹੀਂ ਆਇਆ। ਸੱਜਾ ਹੱਥ ਦੇਵਤਾ ਦਾ ਹੱਥ ਮੰਨਿਆ ਜਾਂਦਾ ਹੈ। ਇਹ ਤਾਕਤ, ਵਾਧੇ ਤੇ ਜ਼ੋਰਾਵਰ ਹੋਣ ਨੂੰ ਦੱਸਦਾ ਹੈ।

ਇਹ ਹੱਥ ਜਦ ਕਿਸੇ ਦੇ ਸਿਰ ਉੱਪਰ ਰੱਖਿਆ ਜਾਂਦਾ ਹੈ ਤਾਂ ਉਹ ਅਸੀਸ, ਤਾਕਤ, ਅਧਿਕਾਰ, ਮਜ਼ਬੂਤੀ ਨੂੰ ਪ੍ਰਗਟਾਉਂਦਾ ਹੈ।

989901186

# WHAT IS ‘*NAAM*’?

***Dr. S.S Bhatti**

Guru Nanak Dev, founder the Sikh Faith, was born on 15 April 1469 CE at Rai Bhoe di Talwandi (present-day Nankana Sahib, now in Pakistan) near Lahore, the capital of the present western Punjab State. His parents were Kalyan Chand Das Bedi, and Mata Tripta. Mehta Kalu was father’s popularly shortened name. He was the local *Patwari*—village-level revenue official who kept record of land holdings/surveys, crops, and calculated land revenue of Talwandi.

His parents were both Hindus and belonged to the merchant caste according to the centuries-old caste system of Hinduism. He had one sister, Bebe Nanaki, who was five years older than him. After her marriage in 1475, she moved to Sultanpur Lodhi where her husband Jai Ram was in the Nawab’s employment. Nanak was so attached to his sister that he followed her there. When he was 16 years, he started working under Nawab Daulat Khan Lodhi as a storekeeper in *Modikhana* [Provisions Store]. Guru Nanak was married in 1487 CE to Bibi Sulakhni, daughter of Mula, a resident of Batala, in the present Punjab State’s district of Gurdaspur. He sired two sons, Sri Chand and Lakshmi Chand. Both were born during the decade of 1490 CE.

Guru Nanak was succeeded by Nine Gurus. This succession was ended by the Last and Tenth Master Guru Gobind Singh who declared that *Sri Guru Granth Sahib* [Holy Book of the Sikh Faith] would be the Eternal Living *Guru* [Spiritual Preceptor and Enlightened Guide] after him. The founder’s birth is celebrated worldwide every year as *Guru Nanak Gurpurab* on *Kartik Pooranmashi*, the full-moon day in the Indian month of *Katak* [*Kartik* in Hindi], October-November.

Because Guru Nanak has dwelt *ad infinitum* on ‘*NAAM*” [Lord God’s Holy Name] in his *Bani* [Revealed Word] it is imperative to deal in detail with this subject to grasp the import of his divine message to make it part of our lifestyle.

*‘NAAM’* is a Persian [Iranian] word—its synonym in Arabic is ‘*Kunyat*’—, which has diverse connotations: Name, Title, Designation, Character, Honour, Fame, Dignity, Breed, Pedigree, Kind, and Memorial. Its English synonym is “Name”, one of the commonest terms for divine word, the creative Power of God. In Mysticism, Name frequently occurs in such phrases and expressions as Name of God, Name of life, Name of the Father, and Name of the Lord. In Judaism, where it is often called the Holy Name (*Shem Kodsho*), it has been used from the earliest period right through to modern times. It is present throughout both Jewish and Christian biblical literature, and is commonly encountered in early-Christian writings. Sufi and Indian mystics have also used the term extensively.

*Naam* has been commonly used by mystics throughout India as a name for the creative Power of God, just as the Name of God has been used as an expression in many languages for the same Power, dating as far back as records can be traced. Also called *Shabda* [Word, Sound], it is the divine or unstruck Music which resounds within every human being as the dynamic and ever-active energy and creative Power of the supreme Creator, Lord God.

A name implies a distinction between the named and the One who uses the name. The mystic Name [*Naam*] is God’s first emanation. When He is ONE, and all there is, there is no place for names. When the Name is emanated, then there are two;

hence, there is place for a name, so to speak. A name is also, as we all know from everyday usage and experience, by which something or someone is known and addressed. It is, indeed, the starting point of a relationship. Likewise the mystic Name is that by which God can be known, the means by which the soul can develop a personal relationship with Him. Moreover, a name is intended to capture the essence of the thing named, and since the creative Power is formed of God's primal essence, it is called His Name.

However, in Himself [as in *Sunn Samadhi* (Imperturbably Self-Absorption)], God has no need of a humanly given name.

The sanctified word "Name" thus connotes the Creative Word of Lord God that is known by many other names too.

*Naam Dhun*, *Naam Dhun Bani* [Literally, Sound [*Bani*] of the Melody [*Dhun*] of the Name [*Naam*]; the music of the mystic Name of God; a name for His Creative Power highlighting its audible aspect:

All the comforts of emancipation
Dwell in the Name's and *Gurbani's* meditation
So I do enshrine the true Name within my mind
Without the Name O Nanak, One is released not
So swim thou across, aboard the Name's true boat
[SGGS, Page 1013]

## HE REMAINS ALWAYS ONE

The word "Name" is also found in such other expressions as *Naam Ras* [Elixir of the Name], *Amrit Naam* [Immortal Name], *Nij Naam* [Inherent Name], *Nihakshar Naam* [Unwritten Name], *Sat Naam* [True Name], and so on. God's creative Power is known as *Naam* or the Name of God because it is through His Name that He can be known. God in His ultimate essence is ONE, with no division whatsoever. Where there is no division or differentiation, there can be no names, for there is no other to be called by a name when ALL is ONE. The creative Current of God is called His Name, because it represents the first creative division as the One sets out to become Multiplicity of the creation. Yet the primal Oneness of God is never tainted [*Niranjan*].

**He remains always ONE.** This is one of the essential paradoxes of Mysticism, which can be resolved only by direct mystical experience of God. This uniqueness sets Spirituality apart in a special class from Science which, though a valid and an indispensable way of apprehending the phenomenal world, is limited to the understanding of Products and Processes that can be observed by the senses [mind], are measurable by instruments, put to experiment in the laboratory, and theorised/hypothesised by the intellect.

Existence of God cannot be proved as some ego-blinded 'scientists' like Stephen Hawking vainly insisted and arrogantly pronounced unsavoury opinions as maverick assertions of utter ignorance. The reason is that there is a world of difference between Revelation [Direct Perception] and Ratiocinative Cerebration [Inference]. Revelation results from Mysticism [Full-Brain Experience]. Inference is the product of Logic [Left-Brain Workout]. I have identified that there are four Human Faculties by using which we apprehend the Phenomenal and Noumenal Worlds: Reason, Emotion, Imagination, and Intuition.

Reason thinks; using Logic as its major tool. Emotion perceives by the sense of touch; using feeling as its primary tool. Emotion is one of the three groups of phenomena of the mind—feeling, distinguished from cognition and will. Imagination flies; using fancy as its vehicle. Intuition is the power of the mind by which it immediately perceives the truth of things without reasoning or analysis or feeling. To my knowledge and experience Intuition is an invaluable offspring of Emotion and Reason with their wedlock in Imagination. A lower form of Intuition is, however, the daughter of Information—the more you have it the stronger is the Intuition and the better it works.

The word 'Mind' has been used variously by different writers, at different times—and yet eludes a precise definition. In modern times, it refers to the human mental 'apparatus', including thought, intellect, memory, emotion, and so on. In mystic thought, this is really the individual mind which, using modern terminology, some mystics describe as a part of the universal mind or negative power. For me, Mind can be distinguished from Brain, naming collectively from what we know from experience to be the Human Computer. Brain is biological and is the hardware of the Human Computer. Mind is socio-cultural artefact and is the Software of the Human Computer. In other words, you are born with your Brain, but acquire a Mind as you grow up in a given Society. I have identified three constituents that are active, coactive, interactive, and proactive in the unending process as: Heredity, Environment, and Circumstance which I call, respectively: the seed, the soil, and the tilling.

The terminology is perhaps confusing, since 'mind' used in the context of the universal mind or negative power is quite different from 'Mind' used for the primal creative emanation of God. The origin of 'Mind', meaning the creative Power, is by analogy with the human mind. Just as all human creative activity proceeds or emanates from mind or thought, so too can it be said that the cosmic creation is the expression or projection of the Mind of God, a creative force also called, as noted before, The Word or *The Shabda* whose most comprehensive psycho-spiritual package is the '*NAAM*'.

I started taking serious interest in the study of World Religions 30 years ago. I have since done two doctorates on *Gurbani* and the *Golden Temple*. Equipped thus the deeper I go into the ramifications of the esoteric subject the surer I feel that it would require a lifetime exclusively devoted to this study to make a reasonable, if cursory, sense of Religion. If that be the case, then, how could Stephen Hawking even in the wildest of his imagination figure out what Religion is all about without ever caring to find out facts about it from firsthand study? Since the faculty of Intellect with its tool of Reason are what we explore the realm of Science with [Left-Brain Function], it is *unscientific* to pronounce a judgement on something you have not even suspected that it exists. Therefore, Hawking's perfunctory pronouncements on God and Religion are expressions of his frustration in Scientific Adventure!

*NAAM* is the Lord Himself in the form of primal or creative Power. It is His means by which He projects Himself as His creation. It is Love [Universal-Timeless Script-Free Language], Truth [His Primal Attribute], Consciousness [His Sleep-Free Wakefulness], and Bliss [His Unchanging State of Mind]. Known to, and experienced by human beings within themselves, in the form of Sound and Light, *Naam* has, therefore, come to be known as the *Shabda* [Sound] or Sound Current [*Shabda Dhaara*]. Those who know it

from personal experience [not hearsay or merely reading of books] are drawn irresistibly to it.

*NAAM* is and behind all things and is the motion and life of a puppet that are given to it by unseen strings [*sagal paroyi apne soot*]. Lord God, His Name and the soul are all of one essence because he is the Cause, Material, Method, and Creator. This is how *Naam* creates all things, and is the life and light of creatures. Taking the form of a true Guru, *Naam* reconnects *Jeevas* [incarnate souls] to itself through initiation, and takes them back to the Source, Lord God. When it is withdrawn from created realms, those realms cease to exist. This is dissolution [*Pralaya*].

The Gurus have also described divine Name or the creative Word as a jewel:

God's Name is the emerald, jewel, and ruby
[SGGS, Page 880]
The praise of the Lord's Name
Is an invaluable treasure
Which God has deposited with the Saint
He who accepts the *Guru's* Word as true and abiding
Taking it out this treasure, the *Guru* places it before him
[SGGS, Page 1326]

*NAAM* is the unique generator of all existence, the sole means of salvation, and the one essence of all. It is One with God—*The Source*—from which the highest Saints [literally, those who have arrived/reached] emanate. As a consequence, saints, *Sadhus*, sages, seekers, and philosophers of all places and times have given the sacred appellation "*Naam"* various names; and as there are hundreds of languages in the world, the humanly given names of *NAAM* are far too many. In the quote given below Guru Nanak Dev is clearly telling that he deems himself to be the dust of the feet of those who had given God all these names because in his estimation each one of them is a sanctified epithet worthy of worship transcending religious affiliations and self-imposed unfortunate restrictions. That's why and how the Guru has eventually simplified the matter to an axiomatic saying:

*Siru Nanak lokaan paav hai*
*Balihari jaaon jete tere naav hain*
Nanak, I place my head at the people's feet
I am a sacrifice for all Thy Holy Names

*NAAM* is *Shabda* of the *Gurus*; the *Logos* of the ancient Greeks; the Word, Holy Spirit, Holy Ghost and the Comforter of the New Testament; *Anaahad Bani* of the Sikhs; the *Kalaam*, *Kun*, *Baang-i-Aasmaani*, *Nida-i-Sultani*, *al-Ism al-A'zam*, and so forth, of the Sufis; the Silent Whisper, the Silent Music and Sonorous Sound of John of the Cross; the *Naad*, *Naam*, *Raam Naam*, *Raam Dhun*, and so forth of the Hindus; and so on.

Other connotations of *NAAM* are dynamic creative principle; Reality; God; the Name; mystical word or for *Moola* [slang for money] to recite or meditate upon. There are also in common use such expressions as: *Naam-Japna*/*Naam Laina* [to recite or repeat the Name]; *Naam-Abhyaas* [Meditation upon the Name]. Since vernacular word for Truth is central to *Gurbani* pioneered for the Sikh Faith by Guru Nanak Dev it should be helpful to have a look at it. Written in *Gurmukhi* in three different ways, though each variant has the same pronunciation, it has different meanings: *Sat*, *Sat(u)*, and *Sat(i).*

the first word means ‘seven’; the second stands for moral character/conduct; and the third denotes that which is unchanging [beyond the ken and influence of Space and Time]—Truth which is the Primal Attribute of God, connoting that He exists *actually*, *not* as a figment of imagination, but as *Reality*.

Guru Nanak declares this crucial fact in the *Mool Mantra* with characteristic probity and punch: *Adi sach*; *Jugadi sach*; *Hai bhi sach*; Nanak, *ho si bhi sach*. Here, his Revelation marks a radical departure from the averments found in the books of other World Religions. Unlike the centuries-old concept of Time as three-segment duration, the Guru adds a fourth one. God [as Real Being] was there when nothing else existed [*Adi Sach*] before Time had started to run its course [*Jugadi Sach* or Past] because it is He who created Time in the first place; He is still there [*Hai Bhi Sach*] in the Present; and will be there in the Future too [*Ho Si Bhi Sach*].

Mystics say that Creative sound is God Himself in dynamic action. God is the centre of all existence. He is the One—at rest, motionless, undifferentiated, silent, pure; above all, WHOLE. His Act of Creation is really an action or projection or emanation. He makes waves within Himself and the primary wave or motion from which is derived, and by which it is actively sustained is His Sound whose equivalent in the created world is His Word, His Name—indeed, known by many other appellations. In origin, this is *Anaahad Nada*, Unstruck Melody that has unending soulful reverberations (*Dhun*) in Cosmic Space.

In this light, Guru Nanak Dev’s proclamation assumes a very different meaning: *Shabda guru surt dhun chela...*

The Word [not a human *Guru*] is the Spiritual Preceptor with which, in unbroken chant, Consciousness [*Surt*] conjoins via the *Dhun* to resume its original state of Unstruck Melody. This is an extremely arduous workout i.e. Name-chanting that Guru Nanak declares to be far from being easy [*Aakhan Aukha Saacha Naon*]. Quite appropriately, therefore, it has been called *Chautha Pad* [the Fourth State] above and beyond the three states of wakefulness, dreams, and deep sleep. It is hard to acquire because its precedent requirement is of self-abnegation, unconditional love, and renunciation through the thick and thin of workaday existence. It thus becomes the launching pad for a flight into the realm of The Source [*Parma Pad*]: Lord God, The Maker of the Unstruck Melody.

*Maya* permeates the whole world
Under the spell of *Maya*, man acts to his Ego’s diktat, and loses honour
But one who becomes *Guru*-Guided
Acquires the *Chautha Pad*, which is beyond the influence of *Maya*
He attains spiritual tranquillity through the Lord's Name
[SGGS, Page 604]

Mirage seen in the desert is nothing but rising hot air, which gives the seer an illusion of water. When we see mirage as a river of water, we do not perceive the rising hot air. However, the moment we perceive the mirage to be the rising hot air, we do not see water in the mirage anymore! In other words, it is only when the division between the seer and what is seen is given up that we see the two as of one substance, leading to the realisation that there is only One Truth, all else is illusion - *Mithiya*!

While in the dreaming state, the dream appears to be *true* to the dreamer. However, on waking he realises that it was just a passing fancy! On account of man’s

conditioned consciousness, the mirage-like phenomenal world of names and forms appears to be the living reality. Each person experiences within himself whatever his desires and fears have produced in his mind. In reality, this world of appearances is nothing but a long dream outstretched into the so-called state of wakefulness. It appears to be real and permanent because delusion as a state of mind persists.

The frequency with which Indian mystics have spoken of this Name provides an insight into the degree of importance they attach to it. Kabir says that there are countless names of God, but none among them are His "Primal Name":

There are millions of names in the world
But not one among them leads to salvation
Few are aware of the Primal Name
For it is secret repetition, known only to a rare One

Guru Nanak observes that without contact with Lord's Name, the soul wanders in the vast and deep darkness of ignorance:

Without God's Name, the thoughtless fools
Stray in superstition, and are ruined
They, whose minds contain not God's true Name and devotion,
Bewail loudly in the end
Nanak utters a truth, through the true *Gurbani*
The since-long separated souls unite with the Lord

Guru Nanak also uses the terms *Gupt(i) Bani*, *Gupt(i) Naam,* which mean hidden or secret [*Gupt*, *Gupti*] Sound [*Bani*] or Name [*Naam*]; the hidden or unmanifest Word; an expression used for the Creative Power or Sound Current, which the word *Gurbani* below connotes:

The man, unto whom the unmanifest *Gurbani*
Becomes manifest, comes to know the true Lord, O Nanak

---

*****Founder-Teacher and Former Principal,
Chandigarh College of Architecture (1982-1996)

# ਸ਼ਰਧਾਂਜਲੀਆਂ



ਪਿਛਲੇ ਮਹੀਨੇ ਪ੍ਰਸਿੱਧ ਟਕਸਾਲੀ ਕੀਰਤੀਏ ਭਾਈ ਬਲਬੀਰ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਅਕਾਲ ਚਲਾਣਾ ਕਰ ਗਏ। ਅਸੀਂ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ।



ਪਿਛਲੇ ਮਰੀਨੇ ਸੰਗਰੂਰ ਦੇ ਉਸਤਾਦ ਕੀਰਤਨੀਏ ਭਾਈ ਅਵਤਾਰ ਸਿੰਘ ਹੰਸ ਅਕਾਲ ਚਲਾਣਾ ਕਰ ਗਏ ਅਸੀਂ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ।

# ਦਸਮ ਬਾਣੀ ਦੇ ਪ੍ਰਕਾਂਡ ਵਿਦਵਾਨ ਕੀਰਤਨੀਏ ਗੁਰਮਤਿ ਸੰਗੀਤਚਾਰੀਆ ਭਾਈ ਬਲਬੀਰ ਸਿੰਘ 'ਤਰਨਤਾਰਨੀ'

*ਡਾ. ਏ ਪੀ ਸਿੰਘ 'ਰਿਧਮ'

ਸਿੱਖ ਧਰਮ ਦੇ ਪਰਚਾਰ ਪਰਸਾਰ ਵਿੱਚ ਰਾਗੀ ਤੇ ਰਬਾਬੀ ਕੀਰਤਨਕਾਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਵਰਤਮਾਨ ਸਮੇਂ ਬਹੁਤ ਘੱਟ ਕੀਰਤਨਕਾਰ ਅਜਿਹੇ ਹੋਏ ਹਨ, ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੇ ਰਾਗ ਪ੍ਰਬੰਧ ਅਨੁਸਾਰ ਸ਼ੁੱਧ ਤੇ ਸਪੱਸ਼ਟ ਬਾਣੀ ਦੇ ਉਚਾਰਣ ਸਹਿਤ ਕੀਰਤਨ ਕਰਨ ਦੀ ਦਾਤ ਪ੍ਰਾਪਤ ਹੋਈ ਹੋਵੇ। ਗੁਰੂ ਕਾਲ ਤੋਂ ਚਲੀ ਆ ਰਹੀ ਪਰੰਪਰਾਗਤ ਸ਼ਬਦ ਕੀਰਤਨ ਪਰੰਪਰਾ ਦੇ ਵਾਹਕ, ਸ਼੍ਰੋਮਣੀ ਰਾਗੀ ਭਾਈ ਸਾਹਿਬ ਭਾਈ ਬਲਬੀਰ ਸਿੰਘ, ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਰਤਮਾਨ ਸਮੇਂ ਦੇ ਪ੍ਰਮੁੱਖ ਰਾਗੀਆਂ ਵਿਚੋਂ ਇਕ ਸਨ। ਭਾਈ ਬਲਬੀਰ ਸਿੰਘ ਜੀ ਦਾ ਪਰਵਾਰ ਤਰਨਤਾਰਨ ਦਾ ਵਸਨੀਕ ਸੀ। ਆਪ ਨੇ ਤਰਨਤਾਰਨ ਵਿਖੇ ਹੀ ਸੰਗੀਤ ਦੀ ਸਿਖਿਆ ਲਈ, ਇਥੇ ਹੀ ਦਰਬਾਰ ਸਾਹਿਬ ਤੋਂ ਆਪਣੀ ਕੀਰਤਨ ਸੇਵਾ ਦਾ ਆਰੰਭ ਕੀਤਾ, ਇਸਲਈ ਆਪ ਨੂੰ ਭਾਈ ਬਲਬੀਰ ਸਿੰਘ 'ਤਰਨਤਾਰਨੀ' ਦੇ ਨਾਂ ਨਾਲ ਵਿਸ਼ੇਸ਼ ਖਿਆਤੀ ਪ੍ਰਾਪਤ ਹੋਈ। ਆਪ ਨਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਕੀਰਤਨ ਕਰਦੇ ਸਨ ਸਗੋਂ ਆਪ ਨੂੰ ਦਸਮ ਬਾਣੀ, ਗ਼ਜ਼ਲਾਂ ਭਾਈ ਨੰਦ ਲਾਲ ਗੋਆ, ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਅਤੇ ਰਹਿਤਨਾਮਿਆਂ ਦੇ ਕੀਰਤਨ ਵਿਚ ਵਿਸ਼ੇਸ਼ ਮੁਹਾਰਤ ਹਾਸਿਲ ਸੀ। ਆਪ ਨੇ 1955 ਤੋਂ 1991 ਤੱਕ ਲਗਾਤਾਰ 36 ਸਾਲ ਸ੍ਰੀ ਦਰਬਾਰ ਸਾਹਿਬ ਵਿਖੇ ਆਪਣੇ ਜਥੇ ਸਮੇਤ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸ਼ਬਦ ਕੀਰਤਨ ਦੀ ਇਕ ਪਰੰਪਰਾਗਤ ਸ਼ੈਲੀ ਨੂੰ ਨਵੇਕਲੇ ਢੰਗ ਨਾਲ ਪ੍ਰਸਤੁਤ ਕਰਦੇ ਹੋਏ ਸੰਗਤਾਂ ਨੂੰ ਹਰਿਜਸ ਸ੍ਰਵਣ ਕਰਵਾਉਂਦੇ ਰਹੇ। ਆਪ ਦੀ ਵਿਦਵਤਾ ਨੂੰ ਦੇਖਦੇ ਹੋਏ ਆਪ ਨੂੰ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਵਾਲਿਆਂ ਦੀ ਸਰਪ੍ਰਸਤੀ ਵਿੱਚ ਗਠਿਤ ਰਾਗ ਨਿਰਣਾਇਕ ਕਮੇਟੀ ਦੇ ਮੈਂਬਰ ਵਜੋਂ ਸ਼ਾਮਿਲ ਕੀਤਾ ਗਿਆ।

ਲੇਖਕ (ਡਾ. ਏ ਪੀ ਸਿੰਘ) ਨੂੰ ਬਚਪਣ ਤੋਂ ਹੀ ਭਾਈ ਸਾਹਿਬ ਦੀ ਸਰਪ੍ਰਸਤੀ, ਕੀਰਤਨ ਅਤੇ ਵਿਦਿਵਤਾ ਦਾ ਲਾਹਾ ਲੈਣ ਦਾ ਅਵਸਰ ਮਿਲਦਾ ਰਿਹਾ ਹੈ। ਭਾਈ ਬਲਬੀਰ ਸਿੰਘ ਜੀ ਦਾ ਪਰਵਾਰ ਪਿਛਲੀਆਂ ਅੱਠ ਪੀੜ੍ਹੀਆਂ ਤੋਂ ਕੀਰਤਨ ਦੀ ਸੇਵਾ ਸੇਵਾ ਕਰਦਾ ਆ ਰਿਹਾ ਹੈ। ਭਾਈ ਸਾਹਿਬ ਦੇ ਦੱਸਣ ਅਨੁਸਾਰ, ਜਦ ਰਬਾਬੀ ਸੱਤਾ ਤੇ ਬਲਵੰਡ ਨੇ ਗੁਰੂ ਘਰ ਵਿੱਚ ਕੀਰਤਨ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਗੁਰੂ ਅਰਜਨ ਦੇਵ ਜੀ ਨੇ ਆਪਦੇ ਪਰਵਾਰ ਦੇ ਵੱਡੇ ਵਡੇਰੇ ਭਾਈ ਸ੍ਰੀ ਰਾਮ ਜੀ ਨੂੰ ਕੀਰਤਨ ਦੀ ਬਖਸ਼ਿਸ਼ ਦਾ ਥਾਪੜਾ ਦਿੰਦੇ ਹੋਏ ਕਿਹਾ ਸੀ, ਤੁਹਾਡੇ ਪਰਵਾਰ ਨੇ ਹੁਣ ਅੱਗੇ ਤੋਂ ਕੋਈ ਹੋਰ ਕੰਮ ਨਹੀਂ ਕਰਨਾ, ਇਹ ਦਾਤ ਵੰਡਦੇ ਰਹੋਗੇ ਤਾਂ ਚੜ੍ਹਦੀ ਕਲਾ ਵਿਚ ਰਹੋਗੇ। ਭਾਈ ਸ੍ਰੀ ਰਾਮ ਤੋਂ ਬਾਅਦ ਭਾਈ ਹਰਿ ਰਾਮ ਤੇ ਤੀਸਰੀ ਪੀੜ੍ਹੀ ਵਿੱਚ ਭਾਈ ਹਰੀ ਸਿੰਘ ਨੇ ਅੰਮ੍ਰਿਤਪਾਨ ਕਰਨ ਉਪਰੰਤ ਆਪਣਾ ਨਾਂ ਭਾਈ ਹੀਰਾ ਸਿੰਘ ਰੱਖ ਲਿਆ। ਭਾਈ ਹੀਰਾ ਸਿੰਘ ਦੇ ਸਪੁੱਤਰ ਭਾਈ ਇੰਦਰ ਸਿੰਘ ਤੇ ਉਨਾਂ ਦੇ ਸਪੁੱਤਰ ਬਾਬਾ ਕੁੰਦਨ ਸਿੰਘ ਸਿੱਖ ਸੰਗਤਾਂ ਦੀ ਸੇਵਾ ਕਰਦੇ ਰਹੇ। ਭਾਈ ਕੁੰਦਨ ਸਿੰਘ ਦੇ ਸਪੁੱਤਰ ਭਾਈ ਸੰਤਾ ਸਿੰਘ ਹੋਏ, ਜਿਨ੍ਹਾਂ ਨੂੰ ਗੁਰਬਾਣੀ ਕੀਰਤਨ ਦੇ ਨਾਲ ਨਾਲ ਤਬਲਾ ਵਾਦਨ ਵਿੱਚ ਵਿਸ਼ੇਸ਼ ਦਿਲਚਸਪੀ ਸੀ। ਭਾਈ ਕੁੰਦਨ ਸਿੰਘ ਜੀ ਦੀ ਪ੍ਰਸਿੱਧੀ ਤਬਲਾ ਵਾਦਨ ਕਰਕੇ ਹੋਈ। ਭਾਈ ਕੁੰਦਨ ਸਿੰਘ ਨੇ ਆਪਣੇ ਸਾਰੇ ਬਚਿਆਂ ਨੂੰ ਗੁਰਬਾਣੀ ਸੰਥਿਆ, ਕੀਰਤਨ ਦੇ ਨਾਲ ਨਾਲ ਤਬਲਾ ਤੇ ਤੰਤੀ ਸਾਜ਼ਾਂ ਦੀ ਸਿਖਲਾਈ ਦਿੱਤੀ। ਜਿਸ ਦਾ ਪ੍ਰਤੱਖਣ ਸਾਨੂੰ ਭਾਈ ਬਲਬੀਰ ਸਿੰਘ ਜੀ, ਭਾਈ ਮਹਿੰਦਰ ਸਿੰਘ ਜੀ ਅਤੇ ਭਾਈ ਚਤਰ ਸਿੰਘ 'ਨਿਹੰਗ' ਦੀਆਂ ਕੀਰਤਨ ਪੇਸਕਾਰੀਆਂ ਤੋਂ ਹੁੰਦਾ ਰਿਹਾ ਹੈ।

ਭਾਈ ਬਲਬੀਰ ਸਿੰਘ ਜੀ ਦਾ ਜਨਮ 23 ਮਾਰਚ 1933 ਨੂੰ ਅੰਮ੍ਰਿਤਸਰ ਜਿਲੇ ਦੇ ਪਿੰਡ ਭਿੱਖੀਵਿੰਡ ਨੇੜੇ ਮ੍ਰਿਗਿੰਦਪੁਰਾ ਵਿਖੇ ਮਾਤਾ ਪ੍ਰਸੰਨ ਕੌਰ ਦੀ ਕੁਖੋਂ ਹੋਇਆ। ਪਿਤਾ ਭਾਈ ਸੰਤਾ ਸਿੰਘ ਪ੍ਰਸਿੱਧ ਜੋੜੀ/ਪਖਾਵਜ ਵਾਦਕ ਸਨ ਅਤੇ ਗੁਰਮਤਿ ਵਿਦਿਆਲਾ ਤਰਨਤਾਰਨ ਵਿਖੇ ਸੰਗੀਤ ਅਧਿਆਪਕ ਵਜੋਂ ਕਾਰਜਰਤ ਸਨ। ਬਾਲ ਬਲਬੀਰ ਸਿੰਘ ਦੀ ਸੰਗੀਤ ਸਿਖਿਆ ਚਾਰ ਸਾਲ ਦੀ ਨਿੱਕੀ ਉਮਰੇ ਆਪਨੇ ਪਿਤਾ ਜੀ, ਦਾਦਾ ਭਾਈ ਕੁੰਦਨ ਸਿੰਘ ਅਤੇ ਪੜਦਾਦਾ ਭਾਈ ਹੀਰਾ ਸਿੰਘ ਦੁਆਰਾ ਹੋਈ। ਬਚਪਣ ਤੋਂ ਹੀ ਆਪ ਦੀ ਤੀਖਣ ਬੁੱਧੀ ਅਤੇ ਸੰਗੀਤ ਪ੍ਰਤਿ ਰੂਚੀ

ਕਾਰਨ ਆਪ ਦੀਆਂ ਕੀਰਤਨ ਪੇਸ਼ਕਾਰੀਆਂ ਵਿਚ ਨਿਪੁੰਨਤਾ ਆਉਂਦੀ ਗਈ। ਸਤ ਸਾਲਾਂ ਦੀ ਉਮਰ ਵਿਚ ਦਰਬਾਰ ਸਾਹਿਬ, ਤਰਨਤਾਰਨ ਵਿਖੇ ਦੋ ਸ਼ਬਦਾਂ ਦੇ ਕੀਰਤਨ ਦੀ ਹਾਜ਼ਰੀ ਭਰੀ। ਸੰਗਤਾਂ ਦਾ ਭਰਪੂਰ ਆਸ਼ੀਰਵਾਦ ਮਿਲਿਆ ਅਤੇ ਹੈਡ ਗਰੰਥੀ ਸਾਹਿਬ ਨੇ ਸਿਰੋਪਾਉ ਦੀ ਬਖ਼ਸ਼ਿਸ਼ ਨਾਲ ਆਸ਼ੀਰਵਾਦ ਦਿੱਤਾ। ਸੰਗੀਤਕ ਪ੍ਰਤਿਭਾ ਕਾਰਨ ਆਪ ਨੂੰ ਬਚਪਨ ਵਿਚ ਹੀ ਪਿਤਾ ਜੀ ਨਾਲ ਬਨਾਰਸ, ਲਖਨਤੁ, ਗਵਾਲੀਅਰ, ਪੂਨਾ, ਕਲਕੱਤਾ, ਦਿੱਲੀ ਆਦਿ ਵਿਖੇ ਸੰਗੀਤ ਸਮਾਰੋਹਾਂ ਵਿਚ ਜਾਣ ਦਾ ਮੌਕਾ ਮਿਲਦਾ ਰਿਹਾ। ਇਸ ਦੌਰਾਨ ਆਪ ਨੂੰ ਧਰੁਪਦ ਗਾਇਨ ਦੀ ਸਿਖਿਆ ਪੰਡਤ ਨੱਥੂ ਰਾਮ, ਜੋ ਭਾਈ ਬੂਟਾ ਸਿੰਘ ਅਤੇ ਉਸਤਾਦ ਬਾਬਾ ਸ਼ਰਧਾ ਸਿੰਘ ਦੇ ਸ਼ਾਗਿਰਦ ਸਨ, ਪਾਸੋਂ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਗੁਰਬਾਣੀ ਕੀਰਤਨ ਦੀ ਸਿਖਿਆ ਆਪਨੇ ਤਾਇਆ ਸੋਹਨ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਅਰਜਨ ਸਿੰਘ ਤਰੰਗੜ ਤੋਂ ਪ੍ਰਾਪਤ ਕੀਤੀ। ਇਸ ਉਪਰੰਤ ਆਪ ਨੂੰ ਪੰਡਤ ਕ੍ਰਿਸ਼ਨਰਾਉ ਪੰਡਤ ਤੋਂ ਹਿੰਦੁਸਤਾਨੀ ਸੰਗੀਤ ਦੀ ਸਿਖਿਆ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਆਪ ਨੇ ਤਬਲਾ ਵਾਦਨ ਦੀ ਸਿਖਿਆ ਉਸਤਾਦ ਹਬੀਬੂਦੀਨ ਖਾਂ ਸਾਹਿਬ ਤੋਂ ਲਈ। ਜਲਤਰੰਗ ਦੀ ਸਿਖਿਆ ਆਪ ਨੂੰ ਗਿਆਨੀ ਗਿਆਨ ਸਿੰਘ ਅਲਮਸਤ ਤੋਂ ਪ੍ਰਾਪਤ ਹੋਈ। ਆਪ ਦਿਲਰੁਬਾ ਵਾਦਨ ਵਿਚ ਵੀ ਨਿਪੁੰਨ ਸਨ। ਆਪ ਨੂੰ ਬੜੇ ਗ਼ੁਲਾਮ ਅਲੀ ਖਾਂ, ਉਸਤਾਦ ਸਲਾਮਤ ਅਲੀ ਖਾਂ, ਪਦਮਸ਼੍ਰੀ ਪੰਡਤ ਦਲੀਪ ਚੰਦ੍ਰ ਵੇਦੀ ਤੋਂ ਸੰਗੀਤ ਵਿਦਿਆ ਲੈਣ ਦਾ ਸੁਭਾਗ ਵੀ ਪ੍ਰਾਪਤ ਹੋਇਆ।

ਭਾਈ ਬਲਬੀਰ ਸਿੰਘ ਭਾਵੇਂ ਹਿੰਦੁਸਤਾਨੀ ਸੰਗੀਤ ਗਾਇਨ, ਤਬਲਾ ਵਾਦਨ, ਦਿਲਰੁਬਾ ਵਾਦਨ, ਜਲਤਰੰਗ ਵਾਦਨ ਵਿਚ ਨਿਪੁੰਨਤਾ ਰਖਦੇ ਸਨ ਪਰ ਆਪ ਨੇ ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਰਾਗਾਂ ਤੇ ਗਾਇਨ ਸ਼ੈਲੀਆਂ ਦੀ ਪ੍ਰਸਤੁਤੀ ਕਰਕੇ ਸਿੱਖ ਸੰਗਤਾਂ ਵਿੱਚ ਰਾਗਾਤਮਕ ਕੀਰਤਨ ਪ੍ਰਤਿ ਵਿਸ਼ੇਸ਼ ਚਾਉ ਤੇ ਲਗਾਵ ਪੈਦਾ ਕੀਤਾ। ਟਕਸਾਲੀ ਸ਼ਬਦ ਰੀਤਾਂ ਦੇ ਅਥਾਹ ਖਜ਼ਾਨੇ ਨੂੰ ਆਪਣੀ ਸਿਮ੍ਰਤੀ ਵਿੱਚ ਰੱਖਣ ਵਾਲੇ ਭਾਈ ਬਲਬੀਰ ਸਿੰਘ ਜੀ ਦਾ ਬਾਣੀ ਉਚਾਰਣ, ਸੁਰ ਰਚਨਾ ਤੇ ਗਾਇਨ ਸ਼ੈਲੀ ਕਦੇ ਵੀ ਰਾਗ ਨੂੰ ਬਾਣੀ ਤੇ ਭਾਰ ਨਹੀਂ ਹੋਣ ਦੇਣਾ, ਆਪ ਨੂੰ ਸਮਕਾਲੀ ਕੀਰਤਨੀਆਂ ਤੋਂ ਨਵੇਕਲਾ ਰਖਦਾ ਸੀ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਨਾਲ ਨਾਲ ਦਸਮ ਬਾਣੀ ਵੀ ਕੰਠ ਕਰ ਕੇ ਇਸ ਦੇ ਗਾਇਨ ਨਾਲ ਸਿੱਖ ਸੰਗਤਾਂ ਵਿੱਚ ਵੱਖਰੀ ਪਛਾਣ ਸਥਾਪਤ ਕੀਤੀ। ਆਧੁਨਿਕ ਕਾਲ ਦੇ ਕੀਰਤਨੀਆਂ ਵਿਚ ਸ਼ਾਇਦ ਭਾਈ ਬਲਬੀਰ ਸਿੰਘ ਤਰਨਤਾਰਨੀ ਇਕੋ ਇਕ ਅਜਿਹੇ ਵਿਦਵਾਨ ਰਾਗੀ ਸਨ, ਜਿਨਾਂ ਨੂੰ ਸਾਰੀਆਂ ਬਾਣੀਆਂ ਕੰਠ ਸਨ ਅਤੇ ਕੀਰਤਨ ਪ੍ਰਸਤੁਤੀਆਂ ਦੌਰਾਨ ਵੀ ਕਦੇ ਬਾਣੀ ਦੇ ਉਚਾਰਣ ਨੂੰ ਵਿਗੜਣ ਨਹੀਂ ਸਨ ਦਿੰਦੇ। ਆਪ ਵਲੋਂ ਦਸਮ ਬਾਣੀ ਦੇ ਗਾਇਨ ਦੀ ਰਿਕਾਰਡਿੰਗ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਤੇ ਖੋਜ ਕਰਨ ਵਾਲਿਆਂ ਲਈ ਇਕ ਇਤਿਹਾਸਕ ਸ੍ਰੋਤ ਤੋਂ ਘੱਟ ਨਹੀਂ ਹੈ। ਭਾਈ ਬਲਬੀਰ ਸਿੰਘ ਜੀ ਨੂੰ ਰਾਗਾਤਮਕ ਸ਼ਬਦ ਗਾਇਨ ਦੇ ਨਾਲ ਨਾਲ ਦਿਲਰੁਬਾ, ਤਾਊਸ ਵਾਦਨ, ਜੋੜੀ ਤੇ ਪਖਾਵਜ ਵਾਦਨ ਵਿਚ ਵਿਸ਼ੇਸ਼ਗਤਾ ਹੋਣ ਕਾਰਨ ਆਪ ਵਿਕਟ ਤਾਲਾਂ ਵਿੱਚ ਵੀ ਬੜੀ ਸਹਿਜਤਾ ਨਾਲ ਗੁਰਬਾਣੀ ਦੇ ਭਾਵ ਨੂੰ ਪ੍ਰਮੁੱਖ ਰੱਖਦੇ ਹੋਏ ਜਿਥੇ ਸ਼ਬਦ ਗਾਇਨ ਕਰਦੇ ਹਨ ਉਥੇ ਵਿਭਿੰਨ ਲੈਅਕਾਰੀਆਂ ਦਾ ਪ੍ਰਯੋਗ ਕਰਦੇ ਹੋਏ ਆਪਣੀ ਵਿਲੱਖਣ ਸੰਗੀਤਕ ਪ੍ਰਤਿਭਾ ਦਾ ਸਬੂਤ ਵੀ ਦਿੰਦੇ ਸਨ। ਆਪ ਦੇ ਅਨੇਕਾਂ ਸ਼ਾਗਿਰਦ ਤਬਲਾ, ਜੋੜੀ ਅਤੇ ਤੰਤੀ ਸਾਜ਼ਾਂ ਰਾਹੀਂ ਸੰਗਤਾਂ ਦੀ ਸੇਵਾ ਕਰ ਰਹੇ ਹਨ।

ਭਾਈ ਬਲਬੀਰ ਸਿੰਘ ਦੇ ਜਥੇ ਵਿਚ ਇਨ੍ਹਾਂ ਦੇ ਭਰਾਤਾ ਭਾਈ ਮਹਿੰਦਰ ਸਿੰਘ ਜੋੜੀ ਤੇ ਤਬਲਾ ਵਾਦਨ ਦੀ ਸੇਵਾ ਕਰਦੇ ਰਹੇ ਹਨ। ਉਨ੍ਹਾਂ ਦੇ ਤਬਲਾ ਵਾਦਨ ਨਾਲ ਆਪ ਦੇ ਕੀਰਤਨ ਵਿੱਚ ਅੰਤਾਂ ਦਾ ਚਮਤਕਾਰ ਆ ਜਾਂਦਾ ਸੀ। ਦੋਵੇਂ ਭਰਾ ਇਕ ਦੂਜੇ ਦੀ ਸੰਗੀਤਕ ਪ੍ਰਤਿਭਾ ਤੇ ਉਪਜ ਤੋਂ ਭਲੀਭਾਂਤ ਵਾਕਫ ਸਨ। ਜਦ ਦੋਵੇਂ ਇਕੱਠੇ ਕੀਰਤਨ ਦੀ ਹਾਜ਼ਰੀ ਭਰਦੇ ਤਾਂ ਸੁਰ ਤੇ ਲੈਅ ਦੇ ਸੁਮੇਲ ਤੋਂ ਅਨੇਕਾਂ ਸ਼ਬਦ ਰੀਤਾਂ ਉਪਜਦੀਆਂ, ਸੰਗਤਾਂ ਨੂੰ ਬਾਣੀ ਦੇ ਨਾਲ ਨਾਲ ਸ਼ੁਧ ਰਾਗ ਸਰੂਪਾਂ ਦੇ ਦਰਸ਼ਨ ਹੁੰਦੇ, ਟਕਸਾਲੀ ਗਾਇਨ ਸ਼ੈਲੀਆਂ ਦੀ ਪ੍ਰਸਤੁਤੀ ਨਾਲ ਸਿੱਖ ਸੰਗਤਾਂ ਨੂੰ ਆਪਣੇ ਕੀਰਤਨੀਆਂ ਤੇ ਮਾਣ ਹੁੰਦਾ।

ਆਪ ਵਲੋਂ ਗਾਇਨ ਕੀਤੇ ਗਏ ਸ਼ਬਦ 'ਤੂ ਕੁਣ ਰੇ, ਮੈ ਜੀ ਨਾਮਾ' 'ਸਦਾ ਜੈ ਭਗਵਤੀ' 'ਚਤ੍ਰ ਚਕ੍ਰ ਵਰਤੀ' 'ਜੈ ਤੇਗੰ' 'ਮਾਤੇ ਮਤੰਗ ਜਰੇ ਜਰ ਸੰਗ' 'ਜਾਗੜਦੰਗ ਨਾਗੜਦੰਗ ਬਾਗੜਦੰਗ ਬਾਜੇ' 'ਰੋਗਨ ਤੇ ਅਰੁ ਸੋਗਨੁ' ਅਤੇ 'ਰਾਗ ਮਾਲਾ' 'ਆਸਾ ਦੀ ਵਾਰ' ਸੰਗਤਾਂ ਵਿਚ ਵਿਸ਼ੇਸ਼ ਲੋਕਪ੍ਰਿਅ ਹਨ।

ਭਾਈ ਸਾਹਿਬ ਦੇ ਸਤਿਕਾਰ ਵਿੱਚ ਸੰਗਤਾਂ, ਸੁਸਾਇਟੀਆਂ ਤੇ ਜਥੇਬੰਦੀਆ ਅਕਸਰ ਭਾਈ ਸਾਹਿਬ ਦਾ ਸਨਮਾਣ ਕਰਦੀਆਂ ਰਹਿੰਦੀਆਂ ਹਨ, ਇਨ੍ਹਾਂ ਵਿਚੋਂ 1983 ਵਿੱਚ ਇੰਡੀਅਨ ਕੌਂਸਲ ਆਫ ਸਿੱਖ ਅਫੇਅਰਸ ਦਿੱਲੀ, 1991 ਵਿੱਚ

ਕੇਂਦਰੀ ਸਿੰਘ ਸਭਾ ਅੰਮ੍ਰਿਤਸਰ, 1992 ਵਿੱਚ ਵਿਸਮਾਦ ਨਾਦ ਜਵੱਦੀ ਕਲਾਂ ਲੁਧਿਆਣਾ, 1995 ਵਿੱਚ ਭਾਈ ਮਰਦਾਨਾ ਯਾਦਗਾਰੀ ਕੀਰਤਨ ਸੁਸਾਇਟੀ ਫਿਰੋਜ਼ਪੁਰ ਅਤੇ ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਰਾਗੀ ਵਜੋਂ ਦਿੱਤੇ ਗਏ ਐਵਾਰਡ ਵਰਨਣਯੋਗ ਹਨ।

ਵਰਤਮਾਨ ਸਮੇਂ ਵੀ ਆਪ ਕੀਰਤਨ ਰਾਹੀਂ ਸੰਗਤਾਂ ਦੀ ਸੇਵਾ ਕਰ ਰਹੇ ਹਨ। ਵਹਿਗੁਰੂ ਅੱਗੇ ਅਰਦਾਸ ਬੇਨਤੀ ਹੈ ਕਿ ਭਾਈ ਸਾਹਿਬ ਨੂੰ ਚੜ੍ਹਦੀਕਲਾ ਪ੍ਰਦਾਨ ਕਰਨ ਤਾਂ ਜੋ ਕੀਰਤਨ ਦੀ ਸੇਵਾ ਰਹੀਂ ਸਿੱਖ ਸੰਗਤਾਂ ਨੂੰ ਆਸ਼ੀਰਵਾਦ ਪ੍ਰਦਾਨ ਕਰਦੇ ਰਹਿਣ।

ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ਅਤੇ ਤੁਮ ਘਰਿ ਆਵਹੁ ਮੇਰੇ ਮੀਤ ਦੇ ਮਹਾਵਾਕਾਂ ਅਨੁਸਾਰ ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ ਆਪਣੀ ਸਰੀਰਕ ਦੇਹੀ ਦਾ ਤਿਆਗ ਕਰਦੇ ਹੋਏ 23 ਫਰਵਰੀ 2020 ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਪਰਮਾਤਮਾ ਆਪ ਨੂੰ ਸਦੀਵੀ ਕਾਲ ਲਈ ਆਪਨੇ ਚਰਨਾਂ ਵਿਚ ਨਿਵਾਸ ਬਖਸ਼ਿਸ਼ ਕਰਨ।

ਆਪ ਨੂੰ 200 ਤੋਂ ਵਧ ਰਾਗ ਅਤੇ 3000 ਤੋਂ ਵਧ ਸ਼ਬਦ ਜ਼ੁਬਾਨੀ ਕੰਠ ਸਨ। ਸ੍ਰੀ ਹਰਿਮੰਦਰ ਸਾਹਿਬ ਦੀ ਰਿਟਾਇਰਮੈਂਟ ਤੋਂ ਬਾਅਦ ਵੀ ਸਮੁੱਚੇ ਭਾਰਤ ਵਿੱਚ ਕੀਰਤਨ ਦੇ ਪ੍ਰਵਾਹ ਨਾਲ ਸੰਗਤਾਂ ਨੂੰ ਜੋੜਦੇ ਰਹੇ। ਆਪ ਦੁਆਰਾ 30 ਸ਼ਬਦ ਕੀਰਤਨ ਦੀਆਂ ਕੈਸਟਾਂ, ਸੀਡੀਆਂ ਰਿਕਾਰਡ ਕਰਵਾਈਆਂ ਗਈਆਂ। ਸੰਤ ਸੁੱਚਾ ਸਿੰਘ ਆਰਕਾਈਵਜ਼ ਆਫ ਮਿਊਜ਼ਿਕ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਲਈ ਵਿਸ਼ੇਸ਼ ਆਰਕਾਈਵਲ ਰਿਕਾਰਡਿੰਗਜ਼ ਕੀਤੀਆਂ ਗਈਆਂ ਜੋ ਭਵਿਖ ਦੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਵਿਸ਼ੇਸ਼ ਲਾਹੇਵੰਦ ਹੋਣਗੀਆਂ। ਇਹ ਰਿਕਾਰਡਿੰਗਜ਼ ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ ਦੀ ਕੀਰਤਨ ਸ਼ੈਲੀ, ਜੀਵਨ ਅਤੇ ਘਾਲਣਾ ਸਬੰਧੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ।

ਆਪ ਦੁਆਰਾ ਰਿਕਾਰਡ ਕਰਵਾਈ ਗਈਆਂ ਪ੍ਰਮੁੱਖ ਰਿਕਾਰਡਿੰਗਜ਼ ਵਿਚ ਚੰਡੀ ਦੀ ਵਾਰ, ਅਬ ਮੈ ਅਪਨੀ ਕਥਾ ਬਖਾਨੋ, ਦੀਨਨ ਕੀ ਪ੍ਰਤਿਪਾਲ ਕਰੇ, ਸ਼ਬਦ ਹਜ਼ਾਰੇ, ਧੰਨੁ ਧੰਨੁ ਕਰਹੁ, ਰਾਗ ਗੁਲਦਸਤਾ, ਝਾਗੜਦੰਗ ਨਾਗੜਦੰਗ ਬਾਜੇ, ਸੁਹਾਵੀ ਕਉਨ ਸੁ ਵੇਲਾ, ਧਨ ਸੁ ਰਾਗ ਸੁਰੰਗੜੇ, ਸਤਿਗੁਰ ਤੁਮਰੇ ਕਾਜ ਸਵਾਰੇ, ਮੇਰੇ ਮਾਧਉ ਜੀ, ਕਉਨ ਕਉ ਕਲੰਕ ਰਹਿਓ, ਮਾਤੇ ਮਤੰਗ ਜਰੇ ਜਰ ਸੰਗ, ਜਾਗਤ ਜੋਤਿ ਜਪੈ ਨਿਸ ਬਾਸੁਰ, ਰਾਮ ਪਾਰਸ ਚੰਦਨ, ਸਾਜਨ ਦੇਸਿ ਵਿਦੇਸੀਅੜੇ, ਅਤੇ ਟੀ ਸੀਰੀਜ਼ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁਖ ਰਾਗਾਂ ਦਾ ਗਾਇਨ ਵਿਸ਼ੇਸ਼ ਹਨ।

ਆਪ ਜੀ ਦੇ ਕੀਰਤਨ ਦੇ ਸਤਕਾਰ ਵਜੋਂ ਆਪ ਨੂੰ ਸੰਗੀਤ ਨਾਟਕ ਅਕੈਡਮੀ ਐਵਾਰਡ 2012, ਇੰਡੀਅਨ ਕਉਂਸਲ ਫਾਰ ਸਿੱਖ ਅਫੇਅਰਜ਼ ਵਲੋਂ 1983 ਵਿਚ ਸ਼ਿਰੋਮਣੀ ਰਾਗੀ ਐਵਾਰਡ, ਕੇਂਦਰੀ ਸਿੰਘ ਸਭਾ ਵਲੋਂ 1987, ਸ਼੍ਰੋਮਣੀ ਰਾਗੀ ਐਵਾਰਡ ਚੀਫ਼ ਖ਼ਾਲਸਾ ਦੀਵਾਨ ਵਲੋਂ 1991, ਵਿਸਮਾਦ ਨਾਦ ਲੁਧਿਆਣਾ ਵਲੋਂ 1991 ਵਿੱਚ ਗੁਰਮਤਿ ਸੰਗੀਤਾਚਾਰੀਆ ਐਵਾਰਡ, ਸੰਤ ਸੁਜਾਨ ਸਿੰਘ ਐਵਾਰਡ 1994, ਭਾਈ ਮਰਦਾਨਾ ਯਾਦਗਾਰੀ ਐਵਾਰਡ 1995, ਭਾਰਤ ਦੇ ਰਾਸ਼ਟਰਪਤੀ ਸ੍ਰੀ ਕੇ ਆਰ ਨਾਰਾਇਨ ਵਲੋਂ ਰਾਸ਼ਟਰਪਤੀ ਐਵਾਰਡ 1996, ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਭਾਈ ਵਤਨ ਸਿੰਘ ਮੈਮੋਰੀਅਲ ਐਵਾਰ 1997, ਜਵੱਦੀ ਟਕਸਾਲ ਲੁਧਿਆਣਾ ਵਲੋਂ 1999 ਵਿਚ ਗੁਰਮਤਿ ਸੰਗੀਤ ਐਵਾਰਡ, ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਰਾਗੀ ਐਵਾਰਡ - 2001, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼੍ਰੋਮਣੀ ਰਾਗੀ ਪੁਰਸਕਾਰ - 2004, ਭਾਈ ਮਰਦਾਨਾ ਗੁਰਮਤਿ ਸੰਗੀਤ ਵਿਦਿਆਲਾ ਅਤੇ ਮਿਸ਼ਨਰੀ ਸੋਸਾਇਟੀ ਮਿਡਲੈਂਡ ਯੂ.ਕੇ. ਵਲੋਂ 2006, ਭਾਈ ਦਿਲਬਾਗ਼ ਸਿੰਘ ਕੀਰਤਨ ਸਮਰਾਰਟ ਐਵਾਰਡ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਭਾਈ ਨੰਦ ਲਾਲ ਗੋਆ ਸਨਮਾਨ 2010, ਪੰਜਾਬੀ ਯੂਨੀਵਰਸਿਟੀ ਵਲੋਂ ਗੁਰਡਮਤਿ ਸੰਗੀਤਾਚਾਰੀਆ ਐਵਾਰਡ ਨਾਲ ਸਨਮਾਣਿਤ ਕੀਤਾ ਗਿਆ।

ਸਿੱਖ ਪੰਥ ਦੇ ਵਿਸ਼ਵ ਪ੍ਰਸਿੱਧ ਕੀਰਤਨੀਏ ਹਜ਼ੂਰੀ ਰਾਗੀ ਭਾਈ ਸਾਹਿਬ ਭਾਈ ਸਰਬਜੀਤ ਸਿੰਘ ਆਪ ਦੇ ਪ੍ਰਿਅ ਸ਼ਾਗਿਰਦਾਂ ਵਿਚੋਂ ਹਨ। ਆਪ ਦੇ ਸਪੁੱਤਰ ਭਾਈ ਬਹਾਦਰ ਸਿੰਘ ਨੂੰ ਸੈਂਕੜੇ ਟਕਸਾਲੀ ਸ਼ਬਦ ਰੀਤਾਂ ਯਾਦ ਹਨ ਅਤੇ ਤਬਲੇ ਦਾ ਸਬਕ ਕੰਠ ਹੈ। ਵਰਤਮਾਨ ਸਮੇਂ ਆਪ ਜੀ ਦਾ ਸਪੁੱਤਰ ਭਾਈ ਬਹਾਦਰ ਸਿੰਘ, ਭਾਈ ਬਲਬੀਰ ਸਿੰਘ ਜੀ ਦੇ ਸ਼ਾਗਿਰਦ ਰਾਗੀ ਭਾਈ ਸਰਬਜਿੰਦਰ ਸਿੰਘ ਲਾਡੀ ਨਾਲ ਸਹਾਇਕ ਰਾਗੀ ਵਜੋਂ ਕੀਰਤਨ ਦੀ ਸੇਵਾ ਨਿਭਾ ਰਹੇ ਹਨ।

*ਗੁਰਮਤਿ ਸੰਗੀਤ ਵਿਭਾਗ, ਯੂਨੀਵਰਸਿਟੀ ਕਾਲਜ ਘਨੌਰ, ਪਟਿਆਲਾ

# ਰਾਗ ਮੱਧਕੌਂਸ (ਝੱਪਤਾਲ)
## ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website: http://www.gurbaniraags.com

ਇਹ ਅਤੀ ਅਪ੍ਰਚਲਤ ਰਾਗ ਜੋ ਕਿਸੇ ਪੁਸਤਕ ਵਿੱਚ ਨਹੀਂ ਮਿਲਦਾ ਦਿਸਿਆ – ਓਢਵ ਜਾਤੀ ਦਾ ਹੈ ਜਿਸ ਵਿੱਚ ਰਿਖਬ ਅਤੇ ਪੰਚਮ ਵਰਜਤ, ਦੋਵੇਂ ਗੰਧਾਰ, ਧੈਵਤ ਅਤੇ ਨਿਖਾਦ ਕੋਮਲ ਲੱਗਦੇ ਹਨ। ਆਰੋਹ ਵਿੱਚ ਸ਼ੁੱਧ ਗੰਧਾਰ ਅਤੇ ਅਵਰੋਹ ਵਿੱਚ ਕੋਮਲ ਗੰਧਾਰ ਰਾਗ ਜੋਗ ਦੇ ਢੰਗ ਨਾਲ ਵਰਤੇ ਜਾਂਦੇ ਹਨ। ਮਾਲਕੌਂਸ ਢੰਗ ਦਾ ਰਾਗ ਹੋਣ ਦੇ ਨਾਤੇ ਵਾਦ ਸੰਵਾਦ ਮੱਧਯਮ ਖਰਜ ਦਾ ਹੈ। ਪੂਰਵਾਂਗ ਵਿੱਚ ਜੋਗ ਅਤੇ ਉੱਤਰਆਂਗ ਵਿੱਚ ਮਾਲਕੌਂਸ ਦੇ ਮੇਲ ਨਾਲ ਇਹ ਸੁੰਦਰ ਰਾਗ ਹੋਂਦ ਵਿੱਚ ਆਇਆ ਹੈ। ਰਾਤ ਦੇ ਦੂਸਰੇ ਪਹਿਰ ਇਸ ਰਾਗ ਨੂੰ ਗਾਇਆ ਜਾਂਦਾ ਹੈ।

**ਆਰੋਹ**: ਸ ᴹਗ ਮ – ᴺਧੁ ਨੁ ਸੰ

**ਅਵਰੋਹ**: ਸੰ ਨੁ ਧੁ ਮ – ਗ ਮ ᴹਗੁ ਸ

**ਮੁੱਖ ਅੰਗ**: ਸ ਗ ਮ, ਧੁ ਮ – ਗੁ ਸ।

**ਚਾਲ**: ਸ – ਧ਼ੁ ਨ਼ੁ ਸ, ਸ ਗ ਮ – ਗ – ਸ, ਧ਼ੁ ਨ਼ੁ ਧ਼ੁ ਸ, ਨ਼ੁ ਸ ਗ – ਮ ਧੁ ਮ ਗ – ਗ ਮ ਗੁ – ਨ਼ੁ ਸ, ਧ਼ੁ ਨ਼ੁ ਧ਼ੁ – ਮ਼ ਧ਼ੁ ਨ਼ੁ ਸ, ਧ਼ੁ ਨ਼ੁ ਸ ਗ – ਗੁ – ਸ, ਧ਼ੁ ਨ਼ੁ ਸ ਗ ਮ – ਧੁ ਮ ਗ ਮ – ਸ ਗੁ ਸ, ਸ ਗ ਮ ਗੁ – ਸ, ਗ ਮ ਧੁ – ਨੁ ਧੁ ਗ – ਮ – ਸ ਗ ਮ ਗੁ – ਸ, ਨ਼ੁ ਸ ਗ ਮ ਧੁ ਨੁ ਧੁ ਮ – ਗ ਮ ਧੁ ਨੁ – ਧੁ – ਸੰ, ਮ ਧੁ ਨੁ ਸੰ, ਧੁ ਨੁ ਸੰ ਗੁੰ – ਸੰ, ਸੰ ਗੰ ਮੰ – ਸੰ ਗੁੰ – ਸੰ, ਧੁ ਨੁ ਸੰ ਗੁੰ ਸੰ ਨੁ ਧੁ – ਮ – ਸੰ – ਧੁ – ਮ – ਗ ਮ – ਸ ਗੁ ਸ, ਧ਼ੁ ਨ਼ੁ ਸ ਗ ਮ ਗੁ – ਸ।

### ਅਸਥਾਈ

| | | | | | | | | | |
|---|---|---|---|---|---|---|---|---|---|
| ᴹਸੰ | – | ਧੁ | ਨੁ | ਮ | ਧੁ | ਮ | ਗ | – | ਮ |
| ਊ | ऽ | ਠ | ऽ | ਤ | ਸੁ | ਖੀ | ਆ | ऽ | ऽ |

| | | | | | | | | | |
|---|---|---|---|---|---|---|---|---|---|
| [ਸ]ਗੁ | – | ਧ਼ੁ | ਨ਼ੁ | ਧ਼ੁ | ਸ | ਗੁ | ਸ | – | – |
| ਬੈ | ऽ | ਠ | ऽ | ਤ | ਸੁ | ਖੀ | ਆ | ऽ | ऽ |
| ਸ | ਸ | ਧ਼ੁ | ਨ਼ੁ | ਸ | ਗ | ਮ | ਗਮ | ਧੁ | ਧੁ |
| ਭ | ਉ | ਨ | ऽ | ਹੀ | ਲਾ | ऽ | ਗੈऽ | ऽ | ਜਾਂ |
| ਧੁਨੁ | ਸਂ | ਧੁ | ਨੁ | ਮ | ਸਗ | ਮਗੁ | ਸਗੁ | ਸਨ਼ੁ | ਸ |
| ਐऽ | ऽ | ਸੇ | ऽ | ऽ | ਬੁऽ | ਝੀऽ | ਆऽ | ऽऽ | ऽ |
| x | | ੨ | | | ੦ | | ੩ | | |

## ਅੰਤਰਾ

| | | | | | | | | | |
|---|---|---|---|---|---|---|---|---|---|
| ਗ | ਮ | [ਨੁ]ਧੁ | – | ਨੁ | ਸਂ | – | ਸਂ | – | ਸਂ |
| ਰਾ | ऽ | ਖਾ | ऽ | ऽ | ਏ | ऽ | ਕ | ऽ | ਹ |
| ਧੁ | ਨੁ | ਸਂ | ਗਂ | ਮਂ | ਗੁਂਗੁਂ | – | ਸਂ | – | – |
| ਮਾ | ऽ | ਰਾ | ऽ | ऽ | ਸੁਆ | ऽ | ਮੀ | ऽ | ऽ |
| ਸਂ | ਸਂ | ਧੁ | ਨੁ | ਮ | ਧੁ | ਗ | ਮ | – | – |
| ਸ | ਗ | ਲ | ऽ | ਘ | ਟਾ | ऽ | ਕਾ | ऽ | ऽ |
| [ਸ]ਗੁ | – | ਸ | – | ਸ | [ਸ]ਗੁ | ਨ਼ੁ | ਸ | – | –, |
| ਅੰ | ऽ | ਤ | ऽ | ਰ | ਜਾ | ऽ | ਮੀ | ऽ | ऽ, |
| [ਸ]ਗੁ | ਸ | ਧ਼ੁ | ਨ਼ੁ | ਸ | ਗ | ਮ | | | |
| ਭ | ਉ | ਨ | ऽ | ਹੀ | ਲਾ | ऽ | | | |
| x | | ੨ | | | ੦ | | ੩ | | |

# ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ

ਭੈਰਉ ਮਹਲਾ ੫ ॥

ਊਠਤ ਸੁਖੀਆ ਬੈਠਤ ਸੁਖੀਆ ॥
ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥੧॥
ਰਾਖਾ ਏਕੁ ਹਮਾਰਾ ਸੁਆਮੀ ॥
ਸਗਲ ਘਟਾ ਕਾ ਅੰਤਰਜਾਮੀ ॥੧॥ ਰਹਾਉ ॥
ਸੋਇ ਅਚਿੰਤਾ ਜਾਗਿ ਅਚਿੰਤਾ ॥
ਜਹ ਕਹਾਂ ਪ੍ਰਭੁ ਤੂੰ ਵਰਤੰਤਾ ॥੨॥
ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥

## ENGLISH TRANSLATION

Bhairao, Fifth Mehl:

Standing up, I am at peace; sitting down, I am at peace. I feel no fear, because this is what I understand. ||1|| The One Lord, my Lord and Master, is my Protector. He is the Inner-knower, the Searcher of Hearts. ||1||Pause|| I sleep without worry, and I awake without worry. You, O God, are pervading everywhere. ||2|| I dwell in peace in my home, and I am at peace outside. Says Nanak, the Guru has implanted His Mantra within me. ||3||2||

*(Sri Guru Granth Sahib Page: 1136)*

RNI Regd. No.46788/89 ISSN 0972-2335

